1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 09

੧੯ ਜੇਠ ਤੋਂ ੧੫ ਹਾੜ ੨੦੮੧ ਬਿ.
1 to 15 June 2024

# ਸਤਿਜੁਗ



ਇਕ ਸੋਹਣੀ ਸੂਰਤ, ਇਕ ਮੋਹਣੀ ਮੂਰਤ।
ਅੱਗ ਨੂੰ 'ਜਲ' ਜਾਣੇ, ਪਈ ਮੌਜਾਂ ਮਾਣੇ।
ਵਿੱਚ ਅੱਗ ਦੇ ਬੈਠੀ, ਕਹਿ "ਰੱਬ ਦੇ ਭਾਣੇ"।
'ਆਸਨ' ਉਹ ਅਨੋਖਾ, ਉਹ ਮਗਨ 'ਸਮਾਧੀ'।
ਉਹ 'ਹਰਿ ਦਾ ਹਿਮਾਲਾ, ਜਿਸ ਸਾਧਨਾ ਸਾਧੀ।

10/-

# ਚੌਥਾ ਵਾਰਸ਼ਿਕ ਗੁਰਮਤਿ ਸਿਖਲਾਈ ਸਮਾਗਮ ਮੈਲਬੋਰਨ (ਅਸਟ੍ਰੇਲੀਆ)







# ਸਤਿਜੁਗ

੧੯ ਜੇਠ ਤੋਂ ੧੫ ਹਾੜ ੨੦੮੧ ਬਿ.
1 ਤੋਂ 15 ਜੂਨ 2024 ਈ.
ਜਿਲਦ 104, ਨੰਬਰ 9

**ਸਲਾਹਕਾਰ ਮੈਂਬਰ**

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

**ਸੰਪਾਦਕ:** ਗੁਰਲਾਲ ਸਿੰਘ
**Editor:** Gurlal Singh

**ਸਹਿ ਸੰਪਾਦਕ:** ਡਾ. ਖਲੀਲ ਖਾਨ, ਗੁਰਭਗਤ ਸਿੰਘ
**Co. Editor-** Dr. Khleel Khan, Gurbhagat Singh

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................4
* ਗੁਰਬਾਣੀ ਵਿਆਖਿਆ........................................6
* ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਾਜਿਕ, ਸਿਆਸੀ ਸਰੋਕਾਰ
  ਸੁਵਰਨ ਸਿੰਘ ਵਿਰਕ........................................8
* ਖੋਟੇ ਪਿੰਡ ਵਿੱਚ ਅਨੰਦ ਮਰਿਯਾਦਾ ਦਾ ਆਰੰਭ
  ਪ੍ਰੋ. ਕਿਰਪਾਲ ਸਿੰਘ ਕਸੇਲ........................................16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ........................................20
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ........................................24
* Education - A Blessing
  Manpreet Kaur........................................27
* Sikh ethics sees self-centredness as the source of Human evil
  Keshav Singh........................................31
* ਕਾਵਿ-ਕਿਆਰੀ........................................35
* ਖ਼ਬਰਨਾਮਾ........................................37

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਕੁਰਬਾਨੀ ਤੋਂ ਸਬਰ ਸੰਤੋਖ, ਸੇਵਾ, ਨਿਮਰਤਾ ਅਤੇ ਹਲੀਮੀ ਆਦਿਕ ਭਾਵਨਾਵਾਂ ਦਾ ਵਿਕਾਸ ਹੁੰਦਾ ਹੈ। ਜੇ ਉਹ ਕੁਰਬਾਨੀ ਕਿਸੇ ਪ੍ਰਸਿੱਧ ਹਸਤੀ ਦੀ ਹੋਵੇ ਤਾਂ ਸਦੀਆਂ ਤੱਕ ਕੌਮਾਂ ਵਿੱਚ ਨਿਰਭਉ ਜਜ਼ਬਾ ਕਾਇਮ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਇਹ ਅਨੋਖਾ ਜਜ਼ਬਾ ਸਿੱਖ ਕੌਮ ਵਿੱਚ ਭਰਿਆ। ਲਾਹੌਰ ਤੱਤੀ ਤਵੀ ਤੇ ਬੈਠ ਜਿਸ ਤਰ੍ਹਾਂ ਆਪ ਨੇ ਭਾਣੇ ਨੂੰ ਮੰਨਿਆ ਅਤੇ ਸਬਰ ਸ਼ੁਕਰ ਦੀ ਖੁਸ਼ੀ ਆਪਣੇ ਚਿਹਰੇ ਤੋਂ ਪ੍ਰਗਟ ਕੀਤੀ ਉਸ ਨੇ ਲੱਖਾਂ ਕਾਇਰ ਦਿਲਾਂ ਨੂੰ ਬਹਾਦਰੀ ਦੀ ਬੁਲੰਦੀ ਬਖ਼ਸ਼ੀ।

ਜੋ ਲੋ ਮੱਥੇ 'ਚੋਂ ਫੁਟਦੀ ਹੈ
ਉਹ ਅਸਲੀ ਤਾਜ ਹੁੰਦੀ ਹੈ
ਤਵੀ ਦੇ ਤਖ਼ਤ 'ਤੇ ਬਹਿ ਕੇ ਹੀ
ਸੱਚੇ ਪਾਤਸ਼ਾਹ ਬਣਦੇ।

ਮਹਾਨ ਆਤਮਾਵਾਂ ਹਰ ਕਾਰਜ ਦੀ ਸਿਖਰ ਵੇਖ ਸਕਦੀਆਂ ਹਨ ਇਸ ਲਈ ਸਧਾਰਨ ਮਨੁੱਖ ਤੋਂ ਵੱਡਾ ਸਬਰ ਉਹਨਾਂ ਅੰਦਰ ਹੁੰਦਾ ਹੈ ਪਰ ਜਿਥੇ ਪਰਮ ਗਿਆਨੀ ਪੁਰਖਾਂ

ਦਾ ਵੀ ਸਬਰ ਜਵਾਬ ਦੇ ਜਾਵੇ ਤਾਂ ਸੋਚਿਆ ਜਾ ਸਕਦਾ ਹੈ ਕਿ ਸਮਾਂ ਕਿਨ੍ਹਾਂ ਭਿਆਨਕ ਹੋਵੇਗਾ। ਸਾਂਈ ਮੀਆ ਮੀਰ ਦਾ ਧੀਰਜ ਉਸ ਦਿਨ ਡਗਮਗਾਇਆ। ਉਹ ਗੁੱਸੇ ਨਾਲ ਭਰਿਆ, ਅਸਹਿਜ ਹੋਇਆ, ਮੱਥੇ ਦੇ ਵੱਟ ਹੋਰ ਸਪਸ਼ਟ ਹੋਏ, ਦੰਦ ਕਰੀਚੇ, ਬੁੱਲ ਟੁੱਕੇ, ਅੱਖਾਂ ਸੁਰਖ ਹੋਈਆਂ, ਸਾਹਮਣੇ ਦਾ ਦ੍ਰਿਸ਼ ਅਸਹਿਣ ਯੋਗ ਸੀ। ਕਸੀਸ ਵੱਟਣ ਲੱਗਾ, ਪਰ ਧੀਰਜ ਦੇ ਪੁੰਜ, ਪੰਚਮ ਪਾਤਸ਼ਾਹ ਮਿੱਠੀ ਮੁਸਕਾਨ ਨਾਲ ਹਰ ਪੈਂਦੇ ਰੇਤ ਦੇ ਕੜਛੇ ਦਾ ਇਸਤਕਬਾਲ ਕਰਦੇ ਰਹੇ ਤੇ ਸਾਂਈ ਨੂੰ ਧੀਰਜ ਦਿੰਦਿਆ ਕਿਹਾ-

ਜੇਕਰ ਭਲਾ ਬਗੀਚੇ ਦਾ ਲੋੜਨਾ ਏ
ਝੁਲ ਲੈਣ ਦੇ ਝੱਖੜ ਬਰਬਾਦੀਆਂ ਦੇ।
ਕਾਹਦਾ ਪਤਾ ਏ ਇਨ੍ਹਾਂ ਹਨੇਰਿਆਂ ਹੀ
ਖੋਲ੍ਹ ਦੇਣੇ ਨੇ ਰਾਹ ਆਜ਼ਾਦੀਆਂ ਦੇ।

ਸਾਂਈ ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਤਾਂ ਕਿ ਇਸ ਰਸਤੇ 'ਤੇ ਤੁਰਨ ਵਾਲਿਆਂ ਲਈ ਇਕ ਮਜਬੂਤ ਮੀਨਾਰ ਬਣ ਜਾਵੇ। ਜਿਸ ਮੀਨਾਰ ਨੂੰ ਵੇਖ ਪਾਂਧੀ ਹਰ ਕਸ਼ਟ ਅਡੋਲ ਸਹਿ ਜਾਣ। ਇਸ ਤਰ੍ਹਾਂ ਪੰਜ ਦਿਨ ਵੱਖ-ਵੱਖ ਤਸੀਹੇ ਦਿੱਤੇ ਜਾਂਦੇ ਰਹੇ 'ਪੰਜ ਦਿਵਸ ਬੀਤੇ ਇਸ ਭਾਤੀ' ਛੇਵੇਂ ਦਿਨ 30 ਮਈ 1606 ਈ. ਨੂੰ ਹੋਰ ਤਸੀਹੇ ਦੇਣ ਲਈ ਰਾਵੀ ਦੇ ਕੰਢੇ ਲੈ ਆਏ। ਰਾਵੀ ਵਿੱਚ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਅੰਤਿਮ ਸਮਾਧੀ ਲਈ-

ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ॥
ਦਰਸ਼ਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤ ਸਮਾਣੀ॥

ਇਸ ਕੁਰਬਾਣੀ ਨੇ ਸਿੱਖ ਇਤਿਹਾਸ ਵਿੱਚ ਅਮਿਟ ਛਾਪ ਛੱਡੀ ਹੈ। ਗੁਰੂ ਅਰਜਨ ਦੇਵ ਜੀ ਨੂੰ ਜਿਸ ਕਾਨੂੰਨ ਤਹਿਤ ਸਜਾ ਦਿੱਤੀ ਗਈ ਉਸ ਨੂੰ ਯਾਸਾ ਦਾ ਕਾਨੂੰਨ ਕਿਹਾ ਜਾਂਦਾ ਹੈ।

ਚੰਗੇਜ਼ ਖਾਂ ਮੰਗੋਲ ਕਬੀਲੇ ਦਾ ਮੁੱਖੀ ਸੀ। ਉਸ ਨੇ ਇਹਨਾਂ ਕਾਨੂੰਨਾ ਦਾ ਖਾਕਾ ਮੰਗੋਲ ਕਬੀਲੇ ਦੇ ਪੁਰਾਤਨ ਰੀਤੀ ਰਿਵਾਜਾਂ ਅਤੇ ਚੀਨ ਦੇ ਪੁਰਾਤਨ ਸ਼ਾਹੀ ਕਾਨੂੰਨਾਂ ਵਿਚੋ ਲਿਆ ਸੀ। ਉਸ ਨੇ 1218 ਈ. ਵਿੱਚ ਆਪਣੇ ਵਿਸ਼ਾਲ ਸਾਮਰਾਜ 'ਤੇ ਇਹ ਕਾਨੂੰਨ ਲਾਗੂ ਕੀਤੇ। ਉਸ ਦੇ ਰਾਜ ਦੀਆਂ ਸੀਮਾਵਾਂ ਚੀਨ ਸਾਗਰ ਤੋਂ ਲੈ ਕੇ ਰੂਸ ਦੀ ਨਾਈਪਰ ਨਦੀ ਤੱਕ ਫੈਲੀਆਂ ਹੋਈਆਂ ਸੀ। ਚੰਗੇਜ ਖਾਂ ਦੇ ਬਚਨਾਂ ਨੂੰ 'ਬਿਲਿਕ' ਕਿਹਾ ਜਾਂਦਾ ਸੀ ਅਤੇ ਉਸਦੇ ਕਾਨੂੰਨ ਨੂੰ ਯਾਸਾ। ਚੰਗੇਜ ਖਾਂ ਦੀ ਮੌਤ ਤੋਂ ਬਾਅਦ ਜਦੋਂ ਇਹਨਾਂ ਜੰਗਲੀ ਕਬੀਲਿਆਂ ਨੇ ਇਸਲਾਮ ਧਾਰਣ ਕਰ ਲਿਆ ਪਰ ਤਾਂ ਵੀ ਬਹੁਤ ਸਾਰੇ ਕਾਨੂੰਨ ਯਾਸਾ ਅਨੁਸਾਰ ਹੀ ਮੰਨੇ ਜਾਂਦੇ ਸਨ। ਮੁਗਲ ਰਾਜਿਆਂ ਨੇ ਵੀ ਚੰਗੇਜ ਖਾਂ ਦੇ ਬਹੁਤ ਸਾਰੇ ਕਾਨੂੰਨਾ ਨੂੰ ਵਰਤਿਆ। ਗੁਰੂ ਅਰਜਨ ਦੇਵ ਜੀ ਨੂੰ ਵੀ ਇਸ ਕਾਨੂੰਨ ਤਹਿਤ ਸਜਾਇ ਮੌਤ ਦੀ ਸਜਾ ਸੁਣਾਈ। ਹਕੂਮਤ ਦੇ ਨਸ਼ੇ ਵਿੱਚ ਚੂਰ ਬਾਦਸ਼ਾਹ ਜਹਾਂਗੀਰ ਨੇ ਆਪਣੇ ਬਾਗੀ ਪੁੱਤਰ ਖੁਸਰੋ ਅਤੇ ਗੁਰੂ ਅਰਜਨ ਦੇਵ ਜੀ ਦੇ ਮਿਲਾਪ ਨੂੰ ਇਕ ਬਹਾਨਾ ਬਣਾਇਆ। ਅਸਲ ਵਿੱਚ ਅਰਜਨ ਦੇਵ ਜੀ ਨੇ ਸਿੱਖ ਧਰਮ ਨੂੰ ਨਵੀਂ ਬੁਲੰਦੀ ਬਖ਼ਸ਼ੀ ਅਤੇ ਇਸ ਪ੍ਰਚਾਰ ਪ੍ਰਸਾਰ ਨੂੰ ਸ਼ੇਖ ਅਹਿਮਦ ਸਰਹੰਦੀ, ਮੁਰਤਜਾ ਖਾਨ ਅਤੇ ਦੀਵਾਨ ਚੰਦੂ ਵਰਗੇ ਸੰਕੀਰਨ ਬੁੱਧੀ ਲੋਕ ਨਹੀਂ ਸਹਾਰ ਸਕਦੇ ਸਨ। ਜਹਾਂਗੀਰ ਖੁਦ ਗੁਰੂ ਘਰ ਪ੍ਰਤੀ ਈਰਖਾ ਨਾਲ ਭਰਿਆ ਪਿਆ ਸੀ। ਜਿਸ ਦਾ ਜ਼ਿਕਰ ਉਸ ਨੇ ਤੁਜਕੇ-ਏ-ਜਹਾਂਗੀਰੀ ਵਿੱਚ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ "ਤੇਰਾ ਕੀਆ ਮੀਠਾ ਲਾਗੈ" ਕਹਿ ਸਹਿਜ ਭਾਵ ਜਰਿਆ। ਇਹ ਕੁਰਬਾਨੀ ਆਉਣ ਵਾਲੀਆਂ ਨਸਲਾਂ ਦੀ ਰਾਹ ਦਸੇਰੀ ਬਣ ਗਈ।

..................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਉੱਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ॥**
ਯੋਧੇ ਮੈਦਾਨੇ-ਜੰਗ ਵਿੱਚ ਉਤਸ਼ਾਹ ਨਾਲ ਉੱਤਰ ਪਏ ਅਤੇ ਭਿਆਨਕ ਲੜਾਈ ਮੱਚ ਪਈ।
His mighty army marched with him into war with enthusiasum and thus,
a great war began.

**ਜਾਪੇ ਚਲੇ ਰੱਤੁ ਦੇ ਸਲਲੇ ਜਟਧਾਰੀ॥18॥**
ਲਹੂ ਦੇ ਪ੍ਰਵਾਹ ਇਓਂ ਤੁਰ ਪਏ ਜਿਵੇਂ ਸ਼ਿਵਜੀ ਦੀਆਂ ਜਟਾਂ ਤੋਂ ਗੰਗਾ ਦੀਆਂ ਧਾਰਾਂ ਵਗ ਰਹੀਆਂ ਹੋਣ।
The way in which blood on the battlefield emerged,
it looked like the river Ganges emerging from Shiva Ji's hair.

**ਪਉੜੀ॥**
**ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥**
ਨਗਾਰਿਆਂ 'ਤੇ ਚੋਟ ਵੱਜ ਪਈ ਅਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
The war drum was beaten, the war restarted.

**ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥**
ਚੰਡਿਕਾ ਨੇ ਮਿਆਨ 'ਚੋਂ ਤਲਵਾਰ ਖਿੱਚ ਲਈ।
Chandika pulled out Her sword from its sheath.

**ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂ॥**
ਰਾਖਸ਼ਾਂ ਨੂੰ ਭੱਖਣ ਵਾਲੀ ਤਲਵਾਰ, ਚੰਡੀ ਨੇ ਮਹਿਖਾਸੁਰ ਦੈਂਤ ਵੱਲ ਚਲਾਈ।
Chandi attacked Mahishasura/Mehkasur with Her sword.

**ਕੋਪਰ ਚੂਰ ਚਵਾਣੀ ਲਥੀ ਕਰਗ ਲੈ॥**
ਗੁਰੂ ਜੀ ਅਲੰਕਾਰਿਕ ਭਾਸ਼ਾ ਵਿੱਚ ਤਲਵਾਰ ਦੀ ਸਿਫ਼ਤ ਕਰਦਿਆਂ ਲਿਖਦੇ ਹਨ ਕਿ
ਇਹ ਤਲਵਾਰ ਸਿਰ ਦੇ ਖੋਪਰ ਅਤੇ ਮੂੰਹ ਨੂੰ ਚੀਰਦੀ ਹੋਈ, ਉਸਦੇ ਪਿੰਜਰ ਤੱਕ ਅੱਪੜ ਗਈ।
This sword pierced the top of his skull,
ripping through the mouth and cutting cleanly through his skeleton.

**ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ॥**
ਫਿਰ ਉਸਦੇ ਘੋੜੇ ਦੀ ਸੰਜੋਅ, ਕਾਠੀ ਅਤੇ ਘੋੜਾ ਵੱਢ ਕੇ ਜ਼ਮੀਨ ਵਿੱਚ ਜਾ ਰੜਕੀ।
This sword continued through the saddle of his horse and
eventually stopped when it met the ground.

**ਲੈਂਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ॥**
ਪੌਰਾਣਾਂ ਅਨੁਸਾਰ ਜਿਸ ਬੈਲ ਦੇ ਸਿੰਗਾਂ 'ਤੇ ਇਹ ਧਰਤੀ ਟਿਕੀ ਹੋਈ ਹੈ,
ਉਸਦੇ ਸਿੰਗਾਂ ਨੂੰ ਕੱਟ ਕੇ ਅੱਗੇ ਲੰਘ ਗਈ।
According to the Puranas,
the horns of the bull which supports this world were also pierced by Her sword.

**ਕੂਰਮ ਸਿਰ ਲਹਲਾਣੀ ਦੁਸਮਨ ਮਾਰ ਕੈ॥**
ਜਿਸ ਕੱਛੂਕੁੰਮੇ ਦੀ ਪਿੱਠ 'ਤੇ ਬਲਦ ਖਲੋਤਾ ਹੈ,
ਉਸਦੇ ਸਿਰ ਵਿੱਚ ਦੁਸ਼ਮਣਾਂ ਨੂੰ ਮਾਰਨ ਵਾਲੀ ਤਲਵਾਰ ਜਾ ਵੱਜੀ।
Her sword continued into the head of the tortoise (the tortoise which supports the bull).

**ਵਢੇ ਗੱਨ ਤਿਖਾਣੀ ਮੂਏ ਖੇਤ ਵਿਚਿ॥**
ਮੈਦਾਨੇ-ਜੰਗ ਵਿੱਚ ਸੂਰਮੇ ਇੰਜ ਵੱਢੇ ਪਏ ਸਨ, ਜਿਵੇਂ ਖੇਤ ਵਿੱਚ ਕਾਰੀਗਰਾਂ ਨੇ ਰੁੱਖ ਵੱਢ ਕੇ ਵਿਛਾਏ ਹੋਣ।
Soldiers were being cut up on the battlefield like how a very skilled feller cuts tree's.

**ਰਣ ਵਿਚ ਘੱਤੀ ਘਾਣੀ ਲੋਹੂ ਮਿੱਝ ਦੀ॥**
ਦੁਰਗਾ ਨੇ ਜੰਗ ਵਿੱਚ ਲਹੂ ਤੇ ਮਿੱਝ ਦੀ ਘਾਣੀ ਪਾ ਦਿੱਤੀ।
Durga decorated the battlefield with blood and fleshy corpses.

**ਚਾਰੇ ਜੁਗ ਕਹਾਣੀ ਚੱਲਗੁ ਤੇਗ ਦੀ॥**
ਦੁਰਗਾ ਦੀ ਤੇਗ ਦੀ ਕਹਾਣੀ ਚਾਰੇ ਯੁੱਗਾਂ ਵਿੱਚ ਚੱਲਦੀ ਰਹੇਗੀ।
The history of Durga's sword will always be remembered.

**ਬਿਧਣ ਖੇਤ ਵਿਹਾਣੀ ਮਹਿਖੇ ਦੈਤ ਨੂ॥19॥**
ਵੱਢੇ-ਟੁੱਕੇ ਮਹਿਖਾਸੁਰ ਦੈਂਤ 'ਤੇ ਮੈਦਾਨੇ-ਜੰਗ ਖਾਤਮੇ ਵਾਲੀ ਔਖੀ ਘੜੀ ਆ ਗਈ।
Tough times fell upon the, sliced up and body-less Mahishasura/Mehkasur.

**ਪਉੜੀ॥**
**ਇਤਿ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ॥**
ਮਹਿਖਾਸੁਰ ਦੈਂਤ ਦੀ ਸਮਾਪਤੀ ਕਰਕੇ ਦੁਰਗਾ ਮੈਦਾਨ ਵਿੱਚੋਂ ਵਾਪਸ ਆਈ।
After Mahishasura/Mehkasur had been killed, Durga returned from the battlefield.

**ਚਉਦਹ ਲੋਕਾਂ ਰਾਣੀ ਸਿੰਘ ਨਚਾਇਆ॥**
ਦੁਰਗਾ ਨੇ ਚੌਦਾਂ ਲੋਕਾਂ ਵਿੱਚ ਸ਼ੇਰ ਨੂੰ ਨਚਾਇਆ।
Durga's lion pranced throughout the 14 worlds.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਾਜਿਕ, ਸਿਆਸੀ ਸਰੋਕਾਰ



**ਸੁਵਰਨ ਸਿੰਘ ਵਿਰਕ**

ਇਹ ਲੈਕਚਰ ਵਿਰਕ ਜੀ ਨੇ 30 ਮਾਰਚ 2024 ਨੂੰ ਹੋਲੇ-ਮਹੱਲੇ ਸਮੇਂ ਸ੍ਰੀ ਭੈਣੀ ਸਾਹਿਬ ਆਸਾ ਦੀ ਵਾਰ ਤੋਂ ਬਾਅਦ ਦਿੱਤਾ।

**ਸੰਪਾਦਕ**

ਅੱਜ ਹੋਲੇ ਦਾ ਚੌਥਾ ਦਿਨ ਹੈ ਅਤੇ ਮੈਂ ਹੁਕਮ ਮੁਤਾਬਕ ਕੁਝ ਸਮਾਂ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕਰਾਂਗਾ। ਮੈਂ ਜਿਆਦਾਤਰ ਆਪਣੀ ਗੱਲਬਾਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਨ ਉਪਕਾਰਾਂ ਤੇ ਹੀ ਕੇਂਦਰਿਤ ਕਰਾਂਗਾ। ਆਪਾਂ ਸਾਰੇ ਜਾਣਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਤੋਂ ਬਾਅਦ ਨਾਮਧਾਰੀ ਪੰਥ ਉੱਤੇ ਸਖਤੀਆਂ ਦੇ ਬੜੇ ਝੱਖੜ ਝੁੱਲੇ। ਅੰਗਰੇਜ਼ ਸਰਕਾਰ ਬਹੁਤ ਜ਼ਾਬਰ ਸਰਕਾਰ ਸੀ ਅਤੇ ਉਹ ਸਮਝਦੀ ਸੀ ਕਿ ਵਿਰੋਧ ਦੀ ਆਵਾਜ਼ ਕਿਸੇ ਵੀ ਗੁੱਠ ਵਿੱਚੋਂ, ਕਿਸੇ ਵੀ ਖੂੰਜੇ ਵਿੱਚੋਂ, ਬਰਦਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ। ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਸੁਤੰਤਰਤਾ ਵਾਸਤੇ ਜਿਹੜਾ ਕੂਕਾ ਅੰਦੋਲਨ ਸ਼ੁਰੂ ਕੀਤਾ ਸੀ ਇਹਦੇ ਵਿੱਚੋਂ ਅੰਗਰੇਜ਼ਾਂ ਨੂੰ ਆਪਣੀ ਮੌਤ ਦੀਆਂ ਘੰਟੀਆਂ ਵੱਜਦੀਆਂ ਸੁਣਾਈ ਦਿੰਦੀਆਂ ਸਨ। ਇਸੇ ਵਾਸਤੇ ਸਤਿਗੁਰੂ ਜੀ ਇਕ ਹੁਕਮਨਾਮੇ ਵਿੱਚ ਵੀ ਫ਼ਰਮਾਉਂਦੇ ਹਨ ਕਿ "ਮੇਰੇ ਸਰੀਰ ਦਾ ਇਹਨਾਂ ਨੂੰ (ਅੰਗਰੇਜ਼ਾਂ ਨੂੰ) ਕਾਲ ਵਰਗਾ ਭੈਅ ਹੈ ਅਤੇ ਉਹ ਇਹ ਵੀ ਲਿਖਦੇ ਹਨ ਕਿ ਸਾਰੇ ਬਰਤਾਨਵੀ ਹਿੰਦੁਸਤਾਨ ਵਿੱਚ ਸਾਡੇ ਰਾਜ ਵਾਸਤੇ ਜੇ ਕੋਈ ਸਭ ਤੋਂ ਖਤਰਨਾਕ ਵਿਅਕਤੀ ਹੈ ਤਾਂ ਉਹ ਗੁਰੂ ਰਾਮ ਸਿੰਘ ਹਨ। ਇਹ ਸਤਿਗੁਰੂ ਜੀ ਦੇ ਵੀ ਮਨੋਭਾਵ ਅਤੇ ਅੰਗਰੇਜ਼ਾਂ ਦੇ ਵੀ ਇਹੀ ਮਨੋਭਾਵ ਸਨ।

ਇਸ ਲਈ ਸ੍ਰੀ ਭੈਣੀ ਸਾਹਿਬ ਗੁਰਦੁਆਰਾ ਇੱਕ ਕਿਸਮ ਦਾ ਨੀਮ ਜੇਲ੍ਹਖਾਨਾ ਸੀ। ਗੁਰੂ ਹਰੀ ਸਿੰਘ ਜੀ ਦਾ ਇਹ ਜਿਹੜਾ ਕੋਈ 34 ਸਾਲਾਂ ਦਾ ਗੁਰਤਾ ਗੱਦੀ ਦਾ ਕਾਲਖੰਡ ਸੀ। ਉਹ ਬਹੁਤ ਮੁਸੀਬਤਾਂ ਵਾਲਾ ਸਮਾਂ ਸੀ। ਸ਼ਹੀਦ ਭਗਤ ਸਿੰਘ ਆਪਣੀ ਇੱਕ ਲਿਖਤ ਵਿੱਚ ਲਿਖਦੇ ਨੇ ਜਿਹੜੀ ਦੋ ਜਿਲਦਾਂ ਵਿੱਚ ਛਪੀ। 1928 ਫਰਵਰੀ ਤੇ 1928 ਮਾਰਚ ਵਿੱਚ ਮਹਾਰਥੀ ਇੱਕ ਰਸਾਲਾ ਦਿੱਲੀ ਤੋਂ ਛਾਪਦਾ ਸੀ, ਉਹਦੇ 'ਚ ਦੋ ਕਿਸ਼ਤਾਂ ਵਿੱਚ ਭਗਤ ਸਿੰਘ ਹੋਰਾਂ ਦਾ ਸਤਿਗੁਰੂ ਰਾਮ ਸਿੰਘ ਤੇ ਕੂਕਾ ਅੰਦੋਲਨ ਬਾਰੇ ਉਹ ਲੇਖ ਛਪਿਆ ਜਿਸ ਵਿੱਚ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਜੇ ਕੋਈ ਸਾਰੇ ਦਾ ਸਾਰਾ ਫਿਰਕਾ ਸਰਕਾਰ ਦੇ ਖਿਲਾਫ ਬਾਗ਼ੀ ਘੋਸ਼ਿਤ ਕੀਤਾ ਗਿਆ ਸੀ ਤਾਂ ਉਹ ਪੰਜਾਬ ਵਿੱਚ ਕੂਕਿਆਂ ਦਾ ਫਿਰਕਾ ਸੀ। ਪੰਜ ਜਾਂ ਇਸ ਤੋਂ ਜਿਆਦਾ ਨਾਮਧਾਰੀ ਸਿੱਖ ਕਿੱਤੇ ਵੀ ਇਕੱਠੇ ਨਹੀਂ ਸਨ ਹੋ ਸਕਦੇ। ਸ੍ਰੀ ਭੈਣੀ ਸਾਹਿਬ ਦੇ ਨੇੜੇ ਤੇੜੇ ਜਿੰਨੇ ਪਿੰਡ ਸਨ ਇਹਨਾਂ ਪਿੰਡਾਂ ਦੇ ਲੰਬੜਦਾਰਾਂ ਤੇ ਚੌਂਕੀਦਾਰਾਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਜੇ ਤੁਹਾਡੇ ਪਿੰਡ ਕੋਈ ਕੂਕਾ ਰਾਤ ਕੱਟ ਜਾਏਗਾ ਤਾਂ ਭਾਈ ਤੁਹਾਡੀਆਂ ਲੰਬੜਦਾਰੀਆਂ ਚੌਂਕੀਦਾਰੀਆਂ ਕੱਟੀਆਂ ਜਾ ਸਕਦੀਆਂ ਹਨ। ਇਥੋਂ ਨੇੜੇ ਹੀ ਤੱਖਰ ਪਿੰਡ ਵਿੱਚ ਇਕ ਰਾਤ ਕੋਈ ਦੋ ਨਾਮਧਾਰੀ ਸਿੰਘ ਰਾਤ ਕੱਟ ਗਏ ਅਗਲੇ ਦਿਨ ਉਸ ਪਿੰਡੇ ਦੇ ਲੰਬਰਦਾਰ ਨੂੰ ਪਕੜਿਆ ਗਿਆ ਅਤੇ ਉਹਦੀ ਲੰਬੜਦਾਰੀ ਰੱਦ ਕਰ ਦਿੱਤੀ ਗਈ। ਇਹ ਇਸ ਤਰ੍ਹਾਂ ਦੀਆਂ ਸ਼ਖਤੀਆਂ ਦਾ ਦੌਰ ਸੀ ਪਰ ਗੁਰੂ ਹਰੀ ਸਿੰਘ ਜੀ ਨੇ ਜਿਨਾਂ ਨੂੰ ਅਸੀਂ ਸ਼ਾਂਤ ਮੂਰਤੀ (ਠੰਡੀ ਮੂਰਤੀ) ਕਹਿ ਕੇ ਯਾਦ ਕਰਦੇ ਹਾਂ, ਉਹਨਾਂ ਨੇ ਬੜੀ ਸਿਦਕਦਿਲੀ ਨਾਲ, ਬੜੀ ਤਨਦੇਹੀ ਨਾਲ ਇਹ ਸਾਰਾ ਸਮਾਂ ਮੁਸੀਬਤਾਂ ਵੀ ਹੰਢਾਈਆਂ ਅਤੇ ਨਾਮਧਾਰੀ ਸੰਗਤ ਨੂੰ ਧਰਵਾਸ ਵੀ ਬਖ਼ਸ਼ਿਆ।

ਗੁਰੂ ਹਰੀ ਸਿੰਘ ਜੀ ਦੇ ਮਾਤਾ ਸਾਹਿਬ ਕੌਰ ਪਹਿਲੇ ਮਹਿਲ ਸਨ। ਉਹਦੇ ਵਿੱਚੋਂ ਦੋ ਪੁੱਤਰੀਆਂ ਹੀ ਸਨ ਕੋਈ ਲੜਕਾ ਨਹੀਂ ਸੀ, ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾ ਜੀ ਵਿੱਚੋਂ ਵੀ ਦੋ ਪੁੱਤਰੀਆਂ ਸਨ ਬੀਬੀ ਨੰਦਾ ਤੇ ਬੀਬੀ ਦਇਆ ਕੌਰ, ਉਹਨਾਂ ਦੇ ਇੱਕ ਲੜਕਾ ਹੋਇਆ, ਸਾਡੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਜਿਹੜਾ ਸੱਤਾਂ ਦਿਨਾਂ ਦਾ

ਹੋ ਕੇ ਚਲਾਣਾ ਕਰ ਗਿਆ। ਜਿਨਾਂ ਦਿਨਾਂ ਵਿੱਚ ਸਤਿਗੁਰੂ ਜੀ ਫ਼ੌਜ ਦੀ ਨੌਕਰੀ ਕਰਦੇ ਸਨ ਤਾਂ ਬਾਬਾ ਜੱਸਾ ਸਿੰਘ ਸਤਿਗੁਰੂ ਜੀ ਦੇ ਪਿਤਾ ਅਕਸਰ ਉਹਨਾਂ ਦੀ ਇਹ ਰੀਝ ਹੁੰਦੀ ਸੀ ਕਿ ਜਿਸ ਤਰ੍ਹਾਂ ਹੋਰ ਪਰਿਵਾਰਾਂ ਤੇ ਬਜ਼ੁਰਗ ਪੋਤਰਿਆਂ ਨਾਲ ਖੇਡਦੇ ਨੇ ਮੇਰੇ ਵੀ ਪੋਤਰੇ ਹੋਣ ਤਾਂ ਉਹਨਾਂ ਨੇ ਸਤਿਗੁਰੂ ਜੀ ਅੱਗੇ ਇਹ ਇੱਕ-ਦੋ ਵਾਰ ਇਹ ਆਪਣੀ ਮਨਸ਼ਾ ਪ੍ਰਗਟ ਕੀਤੀ ਕੇ ਪੋਤਰੇ ਹੋਣ ਤਾਂ ਸਤਿਗੁਰੂ ਜੀ ਦਾ ਜਿਹੜਾ ਜਵਾਬ ਸੀ ਉਹ ਸੰਤ ਇੰਦਰ ਸਿੰਘ ਚੱਕਰਵਰਤੀ ਆਪਣੀ ਰਚਨਾ ਵਿੱਚ ਇਸ ਤਰ੍ਹਾਂ ਲਿਖਦੇ ਹਨ ਕਿ "ਸਤਿਗੁਰੂ ਜੀ ਨੇ ਫਰਮਾਇਆ "ਇਹ ਮੇਰੇ ਤਾਂ ਨਹੀਂ ਬੁੱਧ ਸਿੰਘ ਘਰ ਹੋਣਗੇ, ਇੱਕ ਨਹੀਂ ਦੋ ਤਿੰਨ ਵੇਖ ਜਿਨਾਂ ਨੂੰ ਹੋਏਗਾ ਸਭ ਦਾ ਚਿੱਤ ਪਰਸਿਨ।"

ਹੁਣ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਚਲੇ ਗਏ ਹਨ ਗੁਰੂ ਹਰੀ ਸਿੰਘ ਜੀ ਅਵਸਥਾ ਵੀ ਪਿਛਲੇ ਪਹਿਰ ਵਾਲੀ ਹੈ। ਮਾਤਾ ਸਾਹਿਬ ਕੌਰ ਸਰੀਰ ਵੱਲੋਂ ਵੀ ਢਿੱਲੇ ਮੱਠੇ ਰਹਿੰਦੇ ਹਨ ਤੇ ਸੰਗਤ ਇਸ ਮਾਮਲੇ ਨੂੰ ਅਕਸਰ ਲਗਾਤਾਰ ਵਿਚਾਰ ਦੀ ਵੀ ਹੈ ਤੇ ਪਰੇਸ਼ਾਨੀਆਂ ਵੀ ਮੰਨਦੀ ਹੈ, ਇੱਕ ਵਾਰ ਤਾਂ ਇਹ ਵੀ ਜ਼ਿਕਰ ਆਉਂਦਾ ਹੈ ਸੰਤ ਤਰਨ ਸਿੰਘ ਵਹਿਮੀ ਹੋਰਾਂ ਨੇ ਜਸ ਜੀਵਨ ਵਿੱਚ ਲਿਖਿਆ ਕਿ ਇਹ ਸੋਚ ਕੇ ਕਿ ਜੇ ਇਸ ਤਰ੍ਹਾਂ ਹੀ ਖੇਡ ਰਹੀ ਗੁਰੂ ਘਰ ਦੀ ਤਾਂ ਫਿਰ ਮੁੰਡੀਆਂ ਪਿੰਡ ਦੇ ਭਾਈ ਬਚਿੱਤਰ ਸਿੰਘ ਸਨ ਉਹਨਾਂ ਦੇ ਲੜਕੇ ਸਨ ਹੀਰਾ ਸਿੰਘ। ਉਹਨਾਂ ਨੂੰ ਟਿਕਿਆ ਗਿਆ, ਉਹਨਾਂ ਨੂੰ ਟਿੱਕਾ ਇਸ ਲਈ ਕਹਿੰਦੇ ਸੀ ਕਿ ਉਹ ਬੜੇ ਵਿਦਵਾਨ ਸਨ ਸੁੰਦਰ ਸਨ ਅਤੇ ਅੱਛੀ ਉਹਨਾਂ ਦੀ ਬੋਲ ਬਾਣੀ ਸੀ। ਸੰਗਤ ਦੀ ਰੁਚੀ ਸੀ ਜੇ ਫਿਰ ਕੋਈ ਇਹੋ ਜਿਹਾ ਸਮਾਂ ਆਇਆ ਤੇ ਸ਼ਾਇਦ ਨਾਮਧਾਰੀ ਪੰਥ ਦੀ ਅਗਵਾਈ ਇਹਨਾਂ ਨੂੰ ਸੌਂਪੀ ਜਾਏ ਪਰ ਉਹ ਜਿਹੜੀ ਖੇਡ ਬਣਨੀ ਸੀ ਸ਼ੇਰ ਸਿੰਘ ਜੀ ਡੱਫਰਕਿਆਂ ਵਾਲੇ ਮਸਤ ਨਾਮਧਾਰੀ ਸਿੱਖ ਸਨ। ਮਸਤੀ ਵਿੱਚ ਉਹ ਬੋਲੇ ਕਰਿਆ ਕਰਦੇ ਸਨ ਕਿ ਜੀਵਨ ਜੋਤ ਆਉਣਗੇ ਉਹਨਾਂ ਵਿੱਚੋਂ ਸਾਹਿਬਜ਼ਾਦਾ ਆਏਗਾ।

ਗੜ੍ਹੀ ਦੇ ਭਾਈ ਕਾਹਨ ਸਿੰਘ ਜੀ ਦੁਆਬੇ ਦੇ, ਉਹ ਵੀ ਅਕਸਰ ਇਹ ਬਚਨ ਕਰਿਆ ਕਰਦੇ ਸਨ ਕਿ ਪ੍ਰਤਾਪ ਸਿੰਘ ਵੱਡੇ ਪ੍ਰਤਾਪ ਵਾਲੇ ਹੋਣਗੇ ਤਾਂ ਫਿਰ ਉਹ ਇਸ ਤਰ੍ਹਾਂ ਬਿਧ ਬਣੀ ਕਿ ਮਾਤਾ ਜੀਵਨ ਕੌਰ ਜੀ ਤੇ ਮਾਤਾ ਫਤਿਹ ਕੌਰ ਜੀ ਨਾਲ ਗੁਰੂ ਹਰੀ ਸਿੰਘ ਜੀ ਦਾ ਅਰਦਾਸਾ 1887 ਈ. ਵਿਸਾਖੀ ਵਾਲੇ ਦਿਨ ਬਾਬਾ ਖੁਸ਼ਾਲ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਸਨ ਥਰਾਜ ਵਾਲੇ ਉਹਨਾਂ ਦੀਆਂ ਦੋ ਪੁੱਤਰੀਆਂ ਨਾਲ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਕਰ ਦਿੱਤਾ ਗਿਆ। 1890, 9 ਮਾਰਚ ਚੇਤ ਵੱਦੀ ਤੀਜ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਰਾਦਰ ਭਾਵ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਅਤੇ ਗੁਰੂ ਹਰੀ ਸਿੰਘ ਜੀ ਉਸ ਸਮੇਂ ਦਰਬਾਰ ਵਾਲੀ ਕੋਠੀ ਸਨ, ਉਹਨਾਂ ਨੂੰ ਪਤਾ ਲੱਗਾ ਉੱਠੇ ਜਲਦੀ-ਜਲਦੀ ਮੰਜੇ ਤੋਂ ਅਤੇ ਉਹਨਾਂ ਨੇ ਕਿਹਾ ਵੱਡੇ ਪ੍ਰਤਾਪ ਵਾਲਾ ਆਇਆ ਹੈ ਅਤੇ ਇਹ ਘਰ ਦਾ ਮਾਲਕ ਆਇਆ ਹੈ। ਇਸ ਤਰਾਂ ਖੁਸ਼ੀਆਂ ਪ੍ਰਗਟ ਹੋਈਆਂ ਫਿਰ ਜਿਵੇਂ-ਜਿਵੇਂ ਆਪ ਜੀ ਵੱਡੇ ਹੋਏ ਉਹਨਾਂ ਨੇ ਖੇਡਦਿਆਂ ਵੇਖਣਾ ਤੇ ਕਹਿਣਾ ਸ਼ਤਾਬੀ ਸ਼ਤਾਬੀ ਵੱਡਾ ਹੋ ਫਿਰ ਇਹ ਵੀ ਆਖਣਾ ਕਿ ਹੁਣ ਇਹ ਪੁੱਛਣਗੇ ਜਿਹਨੂੰ ਪੁੱਛਣਾ।

ਗੁਰੂ ਹਰੀ ਸਿੰਘ ਜੀ ਨੇ ਤਾਂ ਆਪਣਾ ਸਮਾਂ ਬੜੀ ਨਿਮਰਤਾ ਨਾਲ ਕੱਟਿਆ ਸਰਕਾਰ ਦੀ ਵੀ ਸਖਤੀ ਸਹੀ, ਆਲੇ ਦੁਆਲੇ ਦੀ ਵੀ ਸ਼ਖ਼ਤੀ ਸਾਧੂ ਸੰਤ ਜਿਹੜੇ ਆਉਂਦੇ ਭੈਣੀ ਸਾਹਿਬ ਗੁਰਧਾਮ ਦੇ ਦਰਸ਼ਨ ਕਰਨ ਵਾਸਤੇ, ਉਹਨਾਂ ਦਾ ਲੰਗਰ ਪਾਣੀ ਦਾ ਪ੍ਰਬੰਧ ਵੀ ਸਾਰਾ ਸਮਾਂ ਚਲਦਾ ਰਹਿੰਦਾ ਸੀ। ਹੁਣ ਜਿਵੇਂ-ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਪਨ ਵੇਖਦੇ ਹਾਂ ਤਾਂ ਪਹਿਲਾ ਵੱਡਾ ਕਾਰਜ ਇਹ ਹੋਇਆ ਕਿ ਜਿਹੜੀ ਪੁਲਿਸ ਚੌਂਕੀ ਬਿਲਕੁਲ ਡੇਰੇ ਦੇ ਨੱਕ ਉੱਤੇ ਸੀ, ਉਹਨੂੰ ਹੁਕਮ ਆ ਗਿਆ ਕਿ ਬੂਹੇ ਤੋਂ ਥੋੜ੍ਹੀ ਹਟਵੀਂ ਕਰ ਦਿੱਤੀ ਜਾਵੇ। ਸੰਗਤ ਦੇ ਵਿੱਚ ਇਹ ਸੰਦੇਸ਼ ਆਇਆ ਕਿ ਸਾਡਾ ਸਹਾਰਾ ਆ ਗਿਆ ਹੈ। ਸਾਡੇ ਲਈ ਇਹ ਬੰਦੀ-ਛੋੜ ਬਣ ਕੇ ਆਏ ਹਨ।

ਬੇਸ਼ੱਕ ਭਗਵਾਨ ਕ੍ਰਿਸ਼ਨ ਵਾਂਗੂੰ ਆਪ ਦਾ ਜਨਮ ਬੰਦੀ ਗ੍ਰਹਿ ਵਿਖੇ ਹੀ ਹੋਇਆ ਪਰ ਪਾਬੰਦੀਆਂ ਜਿਹੜੀਆਂ ਸਨ ਪਹਿਲਾਂ ਪੰਜ ਸਿੰਘ ਦਰਸ਼ਨ ਕਰ ਸਕਦੇ ਸੀ ਫਿਰ ਦਸਾਂ ਸਿੰਘਾਂ ਨੂੰ ਦਰਸ਼ਨਾਂ ਦੀ ਇਜਾਜਤ ਮਿਲੀ ਅਤੇ ਹੌਲੀ-ਹੌਲੀ ਇਹ ਗਿਣਤੀ ਵੀ ਬਾਅਦ ਵਿੱਚ ਵੱਧਦੀ ਗਈ। ਸਤਿਗੁਰੂ ਜੀ ਜਿਵੇਂ-ਜਿਵੇਂ ਵੱਡੇ ਹੋਏ ਸਭ ਤੋਂ ਪਹਿਲਾਂ ਮਾਤਾ ਜੀਵਨ ਕੌਰ ਜੀ ਨੇ ਉਹਨਾਂ ਨੂੰ ਪੁਰਾਣੇ ਸਾਧੂਆਂ ਦੀਆਂ ਸਤਿਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾਉਣੀਆਂ, ਫਿਰ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਜਿਨਾਂ ਦਾ 'ਸਤਿਗੁਰੂ ਬਿਲਾਸ' ਛੰਦਾਬੰਦੀ ਵਿੱਚ ਹੈ ਆਪਾਂ ਜਿਸਦੀ ਕਥਾ ਅਕਸਰ ਸਰਵਣ ਕਰਦੇ ਹਾਂ ਉਹਨਾਂ ਤੋਂ ਗੁਰਮੁਖੀ ਅੱਖਰ ਆਪ ਜੀ ਨੇ ਪੜ੍ਹਣੇ ਸ਼ੁਰੂ ਕੀਤੇ ਅਤੇ ਜਿਹੜੇ ਦੂਸਰੇ ਸੰਤ ਸੰਤੋਖ ਸਿੰਘ ਜੀ

ਬਾਹੋਵਾਲ ਸਨ ਤੋਂ ਵੀ ਆਪ ਵਿੱਦਿਆ ਪ੍ਰਾਪਤ ਕਰਦੇ। ਸੱਤ ਸਾਲ ਦੀ ਆਰਜਾ ਤੱਕ ਆਪ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ।

ਨੌ ਕੁ ਸਾਲ ਦੀ ਉਮਰ ਤੱਕ ਦਸਮ ਗ੍ਰੰਥ ਸਾਹਿਬ ਦਾ ਪਾਠ ਵੀ ਆਪ ਜੀ ਨੇ ਕਰ ਲਿਆ। ਆਪਦੇ ਵਿੱਦਿਆ ਗੁਰੂ ਦੇ ਤੌਰ ਤੇ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਨੇ ਵਾਲੇ ਉਹਨਾਂ ਦਾ ਜ਼ਿਕਰ ਆਉਂਦਾ ਹੈ। ਉਹਨਾਂ ਤੋਂ ਹਿੱਤ ਉਪਦੇਸ਼, ਪੰਚ ਤੰਤਰ ਤੇ ਹੋਰ ਸੰਸਕ੍ਰਿਤ ਦੀਆਂ ਕੁਝ ਵਿਆਕਰਨ ਤੇ ਕੁਝ ਪੁਸਤਕਾਂ ਦਾ ਆਪ ਜੀ ਨੇ ਅਧਿਐਨ ਕੀਤਾ ਕਿਉਂਕਿ ਸਾਡੀ ਗੁਰਬਾਣੀ ਨੂੰ ਸਮਝਣ ਵਾਸਤੇ ਸੰਸਕ੍ਰਿਤ ਤੇ ਭਾਰਤੀ ਭਾਸ਼ਾਵਾਂ ਦਾ ਗਿਆਨ ਜਰੂਰੀ ਹੈ। ਜਿਸ ਤਰ੍ਹਾਂ ਦਸਮ ਗ੍ਰੰਥ ਸਾਹਿਬ ਨੂੰ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਵਾਸਤੇ ਅਰਬੀ ਤੇ ਫਾਰਸੀ ਦਾ ਗਿਆਨ ਵੀ ਲੋੜੀਂਦਾ ਹੈ ਪਰ ਭਾਰਤੀ ਵੈਦਿਕ ਸੰਸਕ੍ਰਿਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਤਿਗੁਰੂ ਜੀ ਨੂੰ ਸੰਸਕ੍ਰਿਤ ਭਾਸ਼ਾ ਦਾ ਅਧਿਐਨ ਕਰਵਾਇਆ ਗਿਆ।

ਹਿੰਦੀ ਅਤੇ ਗੁਰਮੁਖੀ ਇਹ ਸਾਰੀਆਂ ਸਿੱਖਿਆਵਾਂ ਅਤੇ ਜਦੋਂ ਕਿਤੇ ਮਾਤਾ ਜੀ ਨਾਲ ਗੁਰੂ ਹਰੀ ਸਿੰਘ ਜੀ ਨੇ ਬਚਨ ਕਰਨਾ ਤਾਂ ਉਹਨਾਂ ਕਹਿਣਾ ਭੀ ਇਹ ਤੇ ਸਾਰੀਆਂ ਵਿੱਦਿਆ ਪ੍ਰਤਾਪ ਸਿੰਘ ਤਾਂ ਪਹਿਲਾਂ ਹੀ ਪੜ੍ਹਿਆ ਹੋਇਆ ਹੈ ਤਾਂ ਬਹੁਤ ਖੁਸ਼ੀਆਂ ਬਖਸ਼ਦੇ ਤੇ ਹਾਨੀਆਂ ਨਾਲ ਖੇਡਦਿਆਂ ਮਲਦਿਆਂ ਆਪਣਾ ਸਮਾਂ ਬਤੀਤ ਕਰ ਰਹੇ ਸਨ ਕਿ 16 ਕੁ ਸਾਲ ਦੀ ਆਰਜਾ ਵਿੱਚ ਗੁਰੂ ਹਰੀ ਸਿੰਘ ਜੀ ਦੇਹ ਦਾ ਉਹਲਾ ਕਰ ਗਏ।

17 ਮਈ 1906 ਨੂੰ ਸਤਿਗੁਰੂ ਜੀ ਬ੍ਰਹਮਲੀਨ ਹੋ ਗਏ। ਉਸ ਤੋਂ ਬਾਅਦ ਫਿਰ ਨਾਮਧਾਰੀ ਪੰਥ ਦੀ ਅਗਵਾਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਵਾਨ ਮੋਢਿਆਂ ਤੇ ਆਈ ਆਪ ਜੀ ਨੇ ਫਿਰ ਨਾਮਧਾਰੀ ਪੰਥ ਦੀ ਇਹ ਅਗਵਾਈ ਕੋਈ 53 ਸਾਲ ਜਿਸ ਸਫ਼ਲਤਾ ਨਾਲ ਕੀਤੀ ਉਹਦੇ ਨਾਲ ਨਾਮਧਾਰੀ ਪੰਥ ਸਾਰੇ ਹਿੰਦੁਸਤਾਨ ਵਿੱਚ ਤੇ ਹੋਰ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਉਹਦੀ ਸ਼ਾਨ ਦੁਗੱਣੀ ਹੋਈ। ਸਤਿਗੁਰੂ ਜੀ ਪ੍ਰਚਾਰ ਦੌਰੇ ਤੇ ਅਕਸਰ ਨਿਕਲਦੇ ਸਿਰਫ ਚਾਰ ਮਹੀਨੇ ਜਿਹੜੇ ਚੁਮਾਸੇ ਦੇ ਸਨ ਉਹ ਸ੍ਰੀ ਭੈਣੀ ਸਾਹਿਬ ਵਿਖੇ ਨਹਿਰ ਦੇ ਕੰਢੇ ਜਾਂ ਨਾਭੇ ਵਾਲੀ ਬੀੜ ਤੇ ਕੱਟੇ ਜਾਂਦੇ, ਬਾਕੀ ਸਾਰਾ ਸਮਾਂ ਜਿਹੜਾ ਉਹ ਪੰਜਾਬ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਅਤੇ ਭਾਰਤ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਦੌਰੇ ਕੀਤੇ ਜਾਂਦੇ। ਦੌਰੇ ਉਸ ਸਮੇਂ ਗੱਡਿਆਂ ਘੋੜਿਆਂ ਤੇ ਊਠਾਂ ਤੇ ਇਸ ਤਰ੍ਹਾਂ ਕੀਤੇ ਜਾਂਦੇ ਸਨ ਅਤੇ ਇੱਕ ਇੱਕ ਦਿਨ ਦੇ ਵਿੱਚ ਕਈ ਵਾਰ 60-60 ਕੋਹ ਦਾ ਪੈਂਡਾ ਵੀ ਨਿਬੇੜਨਾ ਪੈਂਦਾ ਸੀ।

ਦੋਹਾਂ ਸੂਰਜਾਂ ਦੇ ਵਿਚਾਲੇ ਇਸ ਤਰੀਕੇ ਨਾਲ ਨਾਮਧਾਰੀ ਸਿੱਖੀ ਦਾ ਬਹੁਤ ਸਾਰਾ ਪ੍ਰਚਾਰ-ਪ੍ਰਸਾਰ ਹੋਇਆ। ਜਦੋਂ ਗੁਰੂ ਹਰੀ ਸਿੰਘ ਜੀ ਦਾ ਆਖਰੀ ਹੋਲਾ ਮਹੱਲਾ ਆਉਂਦਾ ਮਾਨਾਂ ਵਾਲੇ ਉਥੇ ਉਹ ਦੇਹ ਦੀ ਸਮੱਸਿਆ ਕਰਕੇ ਆਪ ਨਹੀਂ ਜਾਂਦੇ ਤਾਂ ਸਾਹਿਬਜਾਦਾ ਪ੍ਰਤਾਪ ਸਿੰਘ ਜੀ ਨੂੰ ਭੇਜਦੇ ਹਨ। ਅਗਲੇ ਸਾਲ ਗੁਜਰਾਤ ਦਾ ਹੋਲਾ ਮਹੱਲਾ ਸੰਤ ਗੰਗਾ ਸਿੰਘ ਤੇ ਮਾਤਾ ਗੰਗੀ ਉਹ ਉਹਨਾਂ ਵੱਲੋਂ ਹੋਲਾ 1907 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਤਿਹਾਸਿਕ ਤੌਰ ਤੇ ਪਹਿਲਾ ਹੋਲਾ ਸੀ।

ਇਸ ਤੋਂ ਬਾਅਦ ਗਿੱਲ ਪਿੰਡ ਬਾਰ ਸ਼ੇਖੂਪੁਰਾ ਵਿੱਚ ਇੱਕ ਹੋਲਾ ਉਥੇ ਹੋਇਆ। ਸਤਿਗੁਰੂ ਜੀ ਦੇ ਉਪਦੇਸ਼ ਵਿੱਚ ਜ਼ਿਕਰ ਆਉਂਦਾ ਕਿ ਜਿਹੜੀ ਮਸਤੀ ਤੇ ਸਰੂਰ ਦਾ ਆਲਮ ਗਿੱਲਾਂ ਦੇ ਹੋਲੇ ਵਿੱਚ ਵੇਖਿਆ ਉਹ ਫੇਰ ਵੇਖਣ ਵਿੱਚ ਨਹੀਂ ਮਿਲਿਆ। ਇਹ ਗਿੱਲ ਪਿੰਡ ਬਾਬਾ ਜਮੀਤ ਸਿੰਘ ਜੀ ਗਿੱਲ ਵਾਲਿਆਂ ਦੇ ਪਰਿਵਾਰ ਦਾ ਹੀ ਪਿੰਡ ਸੀ, ਜਿਹੜੇ ਹੁਣ ਸਿਆਲਕੋਟ ਤੋਂ ਬਾਰ ਵਿੱਚ ਆ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਬਹੁਤ ਸਾਰੇ ਜਿਹੜੇ ਪੁਰਾਤਨ ਨਾਮਧਾਰੀ ਸਿੱਖ ਸਨ ਉਹ ਅਜੇ ਦੇਹ ਕਰਕੇ ਮੌਜੂਦ ਸਨ। ਸਤਿਗੁਰੂ ਜੀ ਉਹਨਾਂ ਤੋਂ ਅਕਸਰ ਸਤਿਗੁਰੂ ਜੀ ਦੇ ਬਚਨ ਸੁਣਦੇ ਅਤੇ ਕਈ ਵਾਰ ਸਤਿਗੁਰੂ ਜੀ ਦੀ ਯਾਦ ਵਿੱਚ ਉਹ ਵੈਰਾਗ ਵਿੱਚ ਆ ਜਾਂਦੇ ਉਹਨਾਂ ਨੂੰ ਰਾਮ ਵਿਯੋਗੀ ਵੀ ਕਿਹਾ ਜਾਂਦਾ ਸੀ। ਉਹ ਵੱਡੇ ਰਾਮ ਵਿਯੋਗੀ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿੱਚ ਅਤੇ ਦਰਸ਼ਨਾਂ ਦੇ ਨਮਿੱਤ ਆਪ ਜੀ ਨੇ ਬਹੁਤ ਸਾਰੇ ਗੁਰਬਾਣੀ ਪਾਠਾਂ ਦਾ ਪ੍ਰਵਾਹ, ਅਖੰਡ ਵਰਨੀਆ, ਇਹ ਸਾਰਾ ਆਪਣੀ ਜਿਹੜੀ ਧਾਰਮਿਕ ਕਿਰਿਆ ਸੀ ਇਹ ਸ਼ੁਰੂ ਕੀਤੀ। ਹੋਲੇ-ਮਹੱਲੇ ਹਰ ਸਾਲ ਹੁੰਦੇ ਰਹੇ ਲਾਹੌਰ ਦਾ ਹੋਲਾ ਇਤਿਹਾਸਕ ਹੋਲਾ, ਅਨੰਦਪੁਰ ਸਾਹਿਬ ਦਾ ਹੋਲਾ ਅਤੇ ਮਾਂਗਾ ਲਾਹੌਰ ਜ਼ਿਲ੍ਹੇ ਦਾ ਹੋਰ ਸਾਧੂਆਂ ਦਾ ਮਸਤਾਨਿਆਂ ਦਾ ਫਕੀਰਾਂ ਦਾ ਹੋਲਾ ਇਹ ਵੀ ਆਪ ਜੀ ਦੇ ਸਮੇਂ ਵਿੱਚ ਹੋਏ।

1920 'ਚ ਵਰਨ ਪਿੰਡ ਵਿੱਚ ਜਿਹੜਾ ਹੋਲਾ ਹੋਇਆ ਉਸ ਹੋਲੇ ਤੇ ਨਾਮਧਾਰੀ ਪੰਥ ਦੇ ਲਿਖਤੀ ਪ੍ਰਚਾਰ

ਵਾਸਤੇ ਆਪ ਜੀ ਨੇ ਸਤਿਜੁਗ ਦਾ ਮੁੱਢ ਬੰਨਿਆ। ਉਹਨਾਂ ਦਾ ਨਿਸ਼ਚਾ ਸੀ ਕਿ ਇਕ ਸਾਡਾ ਅਖ਼ਬਾਰ ਹੋਣਾ ਚਾਹੀਦਾ ਹੈ। ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਨਿਰੰਕਾਰ ਸਿੰਘ ਚੇਤਨ, ਸੰਤ ਨਿਧਾਨ ਸਿੰਘ ਆਲਮ ਇਹਨਾਂ ਨਾਲ ਮਤਾ ਮੇਲ ਕੇ ਲਾਹੌਰ ਤੋਂ ਸਤਿਜੁਗ ਅਖ਼ਬਾਰ ਸ਼ੁਰੂ ਕੀਤਾ। ਜਿਹਨੂੰ ਹੁਣ ਤੱਕ ਨਿਰੰਤਰ ਛਪਦਿਆਂ 104 ਸਾਲ 2024 ਵਿੱਚ ਹੋ ਗਏ। ਆਪਾਂ ਸਤਿਜੁਗ ਦੀ ਸ਼ਤਾਬਦੀ ਮਨਾ ਚੁੱਕੇ ਹਾਂ।

1907 ਦਾ ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਦਾ ਬਾਰ ਦੇ ਇਲਾਕਿਆਂ 'ਚ, ਜਦੋਂ ਅੰਗਰੇਜ਼ ਸਰਕਾਰ ਦੀ ਨੀਤ ਇਹ ਬਣੀ ਕਿ ਕਿਸਾਨਾਂ ਤੋਂ ਇਹ ਜਮੀਨਾਂ ਵਾਪਸ ਖੋਹ ਲਈਆਂ ਜਾਣ ਜਿਹੜੀਆਂ ਬਹੁਤ ਉਪਜਾਊ ਨੇ ਤਾਂ ਉੱਥੇ ਇੱਕ ਵੱਡਾ ਅੰਦੋਲਨ ਚੱਲਿਆ। ਇਸ ਅੰਦੋਲਨ ਵਿੱਚ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਸ਼ਾਮਿਲ ਹੋਏ ਸੰਤ ਮੰਗਲ ਸਿੰਘ ਜੀ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਸਨ ਆਪ ਜੀ ਪਟਵਾਰੀ ਸਨ, ਪਹਿਲਾਂ ਗੁਰੂ ਹਰੀ ਸਿੰਘ ਜੀ ਸ਼ੇਖੂਪੁਰੇ ਜਿਲ੍ਹੇ ਦੇ ਦੌਰੇ ਤੇ ਜਾ ਰਹੇ ਸਨ ਅਤੇ ਉਹ ਕਹਿਣ ਲੱਗੇ ਕਿ ਪਤਾ ਲੱਗਾ ਵੀ ਇਹ ਸਿੰਘ ਪਟਵਾਰੀ ਹੈ। ਉਹ ਆਖਣ ਲੱਗੇ ਪਟਵਾਰਾ ਸਿੰਘ ਨੂੰ ਭਜਨ ਦਿੱਤਾ ਜਾਵੇ ਅਤੇ ਸੰਤ ਮੰਗਲ ਸਿੰਘ ਜੀ ਅਕਸਰ ਇਹ ਕਿਹਾ ਕਰਦੇ ਸਨ ਕਿ ਮੇਰੇ ਵਿੱਚ ਜਿਹੜੀ ਵੀ ਵਾਕ ਪਕਤਾ ਸ਼ਬਦ ਆਖਣ ਦੀ ਸਮਰੱਥਾ ਹੈ ਇਹ ਸਾਰੀ ਬਖਸ਼ਿਸ਼ ਗੁਰੂ ਹਰੀ ਸਿੰਘ ਪਾਤਸ਼ਾਹ ਦੀ ਹੈ। ਮੈਂ ਤੇ ਸਧਾਰਨ ਜਿਹਾ ਜੱਟਾਂ ਦਾ ਮੁੰਡਾ ਸਾਂ। ਥੋੜਾ ਜਿਹਾ ਪੜ੍ਹਿਆ ਸਾਂ ਪਰ ਉਹਨਾਂ ਨੇ ਕਿਰਪਾ ਕੀਤੀ। ਸੰਤ ਮੰਗਲ ਸਿੰਘ ਜੀ ਨੇ ਨਾਮਧਾਰੀ ਪੰਥ ਦਾ ਲੰਮਾ ਸਮਾਂ ਪ੍ਰਚਾਰ ਕੀਤਾ ਭਗਤ ਸਿੰਘ ਦਾਤੇ ਵਾਲੀਏ ਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਇਹਨਾਂ ਦੋਵਾਂ ਦਾ ਉਸ ਵੇਲੇ ਵੱਡਾ ਜੋੜ ਮੇਲਾ ਸੀ ਨਾਮਧਾਰੀ ਪੰਥ ਵਿੱਚ।

ਫਿਰ 1914 ਦੇ ਨੇੜੇ ਜਦੋਂ ਅਮਰੀਕਾ ਕਨੇਡਾ 'ਚ ਗਦਰ ਪਾਰਟੀ ’ਚ ਸ਼ੁਰੂ ਹੁੰਦੀ ਹੈ ਦੇਸ਼ ਦੀ ਆਜ਼ਾਦੀ ਲਈ। ਇੱਥੇ ਰਕਾਬਗੰਜ ਗੁਰਦੁਆਰੇ ਦੀ ਕੰਧ ਢਾਹ ਦਿੱਤੀ ਗਈ। ਮਾਸਟਰ ਤਾਰਾ ਸਿੰਘ ਜੀ 1959 ਵਿੱਚ ਜਦੋਂ ਸਤਿਗੁਰੂ ਜੀ ਦੇਹ ਦਾ ਓਹਲਾ ਕਰ ਗਏ ਤਾਂ ਆਪ ਦੇ ਭੋਗ ਸਮਾਗਮ ਤੇ ਮਾਸਟਰ ਤਾਰਾ ਸਿੰਘ ਆਏ ਸਨ ਅਤੇ ਤਕਰੀਰ ਕਰਦਿਆਂ ਉਹਨਾਂ ਨੇ ਇਹ ਗੱਲ ਆਖੀ ਸੀ ਕਿ ਸਾਡਾ ਵਾਹ ਬਾਬਾ ਪ੍ਰਤਾਪ ਸਿੰਘ ਜੀ ਨਾਲ 1914 'ਚ ਉਦੋਂ ਪਿਆ ਜਦੋਂ ਅੰਗਰੇਜ਼ਾਂ ਨੇ ਰਕਾਬਗੰਜ ਗੁਰਦੁਆਰੇ ਦੀ ਕੰਧ ਵਾਇਸਰਾਇ ਭਵਨ ਦੀ ਬਿਲਡਿੰਗ ਬਣਾਉਣ ਵਾਸਤੇ ਤੋੜ ਦਿੱਤੀ ਤੇ ਸਾਰੇ ਸਿੱਖ ਪੰਥ 'ਚ ਉਹਦੇ ਖਿਲਾਫ਼ ਬੜਾ ਗੁੱਸਾ ਪੈਦਾ ਹੋਇਆ ਤਾਂ ਅਸੀਂ ਸਾਰੇ ਮਿਲ ਕੇ ਬਾਬਾ ਜੀ ਕੋਲ ਗਏ, ਅਰਜ ਕੀਤੀ ਤਾਂ ਉਹਨਾਂ ਨੇ ਆਖਿਆ ਠੀਕ ਹੈ ਅਸੀਂ ਇਸ ਮਾਮਲੇ ਦੇ ਉੱਤੇ ਤੁਹਾਡੇ ਨਾਲ ਹਾਂ, ਪੰਥ ਦੇ ਨਾਲ ਹਾਂ, ਸੰਤ ਮੰਗਲ ਸਿੰਘ ਜੀ ਨੂੰ ਭੇਜਿਆ ਅਤੇ ਸੰਤ ਮੰਗਲ ਸਿੰਘ ਜੀ ਨੇ ਉਸ ਸਮੇਂ ਇਹ ਪ੍ਰਚਾਰ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਜਿਹਦੇ ਨਤੀਜੇ ਵਜੋਂ ਸਰਕਾਰ ਨੂੰ ਫੇਰ ਉਹ ਕੰਧ ਦੁਬਾਰਾ ਉਸਾਰ ਕੇ ਦੇਣੀ ਪਈ।

ਇਸੇ ਹੀ ਸਮੇਂ ਜੱਲ੍ਹਿਆਂਵਾਲੇ ਬਾਗ ਦਾ ਸਾਕਾ ਵਾਪਰਦਾ ਹੈ। ਜੱਲ੍ਹਿਆਂਵਾਲੇ ਬਾਗ ਦੇ ਵਿੱਚ ਬਹੁਤ ਸਾਰੇ ਲੋਕ ਸ਼ਹੀਦ ਹੋਏ ਫਿਰ ਦੇਸ਼ ਤੇ ਕਾਂਗਰਸ ਦੀ ਅਗਵਾਈ ’ਚ ਆਜ਼ਾਦੀ ਦਾ ਅੰਦੋਲਨ ਚੱਲਿਆ। ਸਤਿਗੁਰੂ ਜੀ ਦੇ ਦੋ ਛੋਟੇ ਭਰਾਤਾ ਮਹਾਰਾਜ ਨਿਹਾਲ ਸਿੰਘ ਜੀ ਤੇ ਗੁਰਦਿਆਲ ਸਿੰਘ ਜੀ ਉਹਨਾਂ ਦੀ ਅਗਵਾਈ ਥੱਲੇ ਨਾਮਧਾਰੀ ਸਿੰਘਾਂ ਨੇ ਕਾਂਗਰਸ ਦੇ ਜਿਹੜੇ ਵੀ ਮੋਰਚੇ ਲੱਗੇ ਉਹਨਾਂ ਵਿੱਚ ਹਿੱਸਾ ਪਾਇਆ। ਵੱਡੇ ਨਾਂ ਨੇ ਸਾਡੇ ਕੋਲ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਸੱਤ ਸਾਲ ਜੇਲ ਕੱਟੀ, ਸੰਤ ਨਿਧਾਨ ਸਿੰਘ ਜੀ ਆਲਮ ਕਈ ਵਾਰ ਜੇਲ ਕੱਟੀ, ਸੰਤ ਪੰਡਿਤ ਮਨਸਾ ਸਿੰਘ ਜੀ ਕੌਮੀ, ਪੰਡਿਤ ਬਸੰਤ ਸਿੰਘ ਜੀ ਜਿਹੜੇ ਸਤਿਗੁਰੂ ਜੀ ਦੇ ਉਸਤਾਦ ਸਨ ਇਹ ਵੀ ਸਾਰੇ ਇਹਨਾਂ ਕਾਂਗਰਸ ਦੇ ਮੋਰਚਿਆਂ ਵਿੱਚ ਕੈਦ ਹੁੰਦੇ ਰਹੇ। ਇਹ ਹੀ ਉਹ ਸਮਾਂ ਜਦੋਂ ਅਕਾਲੀ ਅੰਦੋਲਨ ਚੱਲ ਰਿਹਾ ਸੀ ਗੁਰੂ ਕੇ ਬਾਗ ਦਾ ਮੋਰਚਾ ਉਹਦੇ ਵਿੱਚ ਇੱਕ ਧਰਮ ਸਿੰਘ ਨਾਮ ਦੇ ਨਾਮਧਾਰੀ ਸਿੰਘ ਨੇ ਕੈਦ ਕੱਟੀ। ਇਸ ਧਰਮ ਸਿੰਘ ਨੂੰ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਥਾਪਿਆ ਗਿਆ ਅਤੇ ਇਹ ਇਸੇ ਦੌਰਾਨ ਜੈਤੋ ਦਾ ਮੋਰਚਾ ਲੱਗਦਾ ਉਹਦੇ 'ਚ ਭਾਈ ਬੁੱਢਾ ਸਿੰਘ ਜਿਨ੍ਹਾਂ ਦਾ ਪਿੰਡ ਮੱਖੀ ਜ਼ਿਲ੍ਹਾ ਲਾਹੌਰ ਸੀ ਛੋਟੀ ਮੱਖੀ ਅਤੇ ਇਕ ਊਧਮ ਸਿੰਘ ਜੀ ਮਰਗਿੰਦ ਪੁਰਾ ਉਹਨਾਂ ਦਾ ਜ਼ਿਕਰ ਆਉਂਦਾ ਹੈ।

ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ 1921 ਵਿੱਚ ਵਾਪਰਦਾ ਹੈ। ਮਹੰਤ ਨਰਾਇਣ ਦਾਸ 140 ਦੇ ਕਰੀਬ ਸਿੱਖਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿੱਚ ਸ਼ਹੀਦ ਕਰਦਾ ਹੈ। ਉਹਨਾਂ ਵਿੱਚ ਨਿਜਾਮਪੁਰ ਜਿਹੜਾ ਸ਼ੇਖੂਪੁਰੇ ਦਾ ਪਿੰਡ ਸੀ

ਉਸ ਪਿੰਡ ਦੇ ਕੁਝ ਨਾਮਧਾਰੀ ਸਿੰਘਾਂ ਦਾ ਜ਼ਿਕਰ ਆਉਂਦਾ ਹੈ ਜਿਹੜੇ ਉੱਥੇ ਸ਼ਹੀਦ ਹੋਏ ਹਨ। ਸਤਿਜੁਗ ਵਿੱਚ ਸੰਤ ਨਿਧਾਨ ਸਿੰਘ ਆਲਮ ਜੀ ਨੇ ਵੀ ਇੱਕ ਸੂਚੀ ਉਹਨਾਂ ਨਾਮਧਾਰੀ ਸਿੱਖਾਂ ਦੀ ਛਾਪੀ। ਹੁਣ ਜਦੋਂ ਜੈਤੋ ਦਾ ਮੋਰਚਾ ਲੱਗਾ ਤੇ ਜੈਤੋ ਦਾ ਡਿਕਟੇਟਰ ਜਿਹੜਾ ਸੀ ਉਹ ਗੁਰਦਿਆਲ ਸਿੰਘ ਸੀ। ਸਿੱਖ ਨਫ਼ਰਤ ਨਾਲ ਉਹਨੂੰ ਗੁਰਦਿਆਲੂ ਕਹਿੰਦੇ ਸਨ। ਇਹ ਉਹ ਸਮਾਂ ਹੈ ਜਦੋਂ ਨਾਭੇ ਦੇ ਮਹਾਰਾਜ ਨੂੰ ਗੱਦੀ ਤੋਂ ਲਾਹਿਆ ਗਿਆ। ਇਹਨਾਂ ਦਾ ਨਾਮ ਰਿਪੂਦਮਨ ਸਿੰਘ ਸੀ। ਮਹਾਰਾਜਾ ਹੀਰਾ ਸਿੰਘ ਦੇ ਤੇ ਨਾਮਧਾਰੀਆਂ ਦੇ ਪੁਰਾਣੇ ਸਬੰਧ ਸਨ। ਮਹਾਰਾਜਾ ਹੀਰਾ ਸਿੰਘ ਜੱਦੀ ਤੌਰ ਤੇ ਰਾਜੇ ਦਾ ਪੁੱਤਰ ਨਹੀਂ ਸੀ ਪਰ ਇਸ ਤੋਂ ਪਹਿਲਾਂ ਰਾਜਾ ਬੇਔਲਾਦ ਗੁਜਰ ਗਿਆ। ਇਹ ਬਹੁਤ ਨੇੜਿਓਂ ਸੀ ਇਹਨੂੰ ਬਡਰੁੱਖਾਂ ਤੋਂ ਲਜਾ ਕੇ ਨਾਭੇ ਦੀ ਗੱਦੀ ਤੇ ਬਿਠਾ ਦਿੱਤਾ ਗਿਆ। ਇਹ ਜਦੋਂ 1871 'ਚ ਨਾਭੇ ਦੀ ਗੱਦੀ ਤੇ ਬੈਠਦਾ ਹੈ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਇਹਦੇ ਬਾਰੇ ਬਚਨ ਕੀਤਾ ਕਿ ਹੀਰੇ ਨੇ ਵੀ ਡੁੱਬਦੇ ਬੇੜੇ ਤੇ ਲੱਤ ਧਰ ਦਿੱਤੀ ਹੈ, ਉਹਨਾਂ ਦਾ ਮਤਲਬ ਸੀ ਕਿ ਹੁਣ ਰਾਜਿਆਂ ਦਾ ਯੁੱਗ ਤਾਂ ਖਤਮ ਹੋਣ ਵਾਲਾ ਅਤੇ ਇਹ ਸਾਡਾ ਬੰਦਾ ਕਿੱਧਰ ਚਲਾ ਗਿਆ। ਇਹ ਬਾਅਦ ਵਿੱਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਮੁਕਤਸਰ ਦੀ ਮਾਘੀ ਤੇ ਕਰਦਾ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਗੁਰਦਿਆਲ ਸਿੰਘ, ਮਹਾਰਾਜ ਨਿਹਾਲ ਸਿੰਘ ਜੀ ਜਦੋਂ ਬੱਚੇ ਸਨ ਇਹਨਾਂ ਨੂੰ ਵੀ ਇਹ ਮਿਲਦਾ ਰਿਹਾ। ਇਹ ਜ਼ਿਕਰ ਬਾਹੋਵਾਲ ਦੀ ਕਰਦੇ ਨੇ ਆਪਣੇ ਗ੍ਰੰਥ ਵਿੱਚ। ਇਹਨਾਂ ਦਾ ਹੀ ਇਹ ਲੜਕਾ ਰਿਪੂਦਮਨ ਸਿੰਘ ਸੀ ਪਰ ਇਹਦੇ ਘਰ ਅੱਗੋਂ ਬੱਚਾ ਕੋਈ ਨਹੀਂ ਸੀ।

ਮਹਾਰਾਜਾ ਹੀਰਾ ਸਿੰਘ ਸਤਿਗੁਰੂ ਹਰੀ ਸਿੰਘ ਜੀ ਅੱਗੇ ਅਰਜ਼ ਕਰ ਕੇ ਮਾਤਾ ਹੁਕਮੀ (ਸੂਬਾ) ਨੂੰ ਆਪਣੇ ਮਹਿਲਾ ਵਿੱਚ ਲੈ ਗਏ ਸਨ। ਉਥੇ ਰਾਣੀਆਂ ਨੂੰ ਕਥਾ ਵਾਰਤਾ ਸੁਣਾਇਆ ਕਰਨਗੇ ਮਾਤਾ ਜੀ। ਮਾਤਾ ਜੀ ਲੰਮੇ ਸਮੇਂ ਤੋਂ ਨਾਭੇ ਰਹਿ ਰਹੇ ਸਨ। ਨਾਭੇ ਦੇ ਹੋਰ ਵੀ ਨਾਮਧਾਰੀ ਸਿੱਖ ਇਧਰੋਂ ਉਧਰੋਂ ਜਿਹੜੇ ਆਉਂਦੇ ਸੀ ਉਹਨਾਂ ਦੀ ਇੱਕ ਛੋਟੀ ਜਿਹੀ ਕਲੋਨੀ ਬਣੀ ਹੋਈ ਸੀ। ਜਿੱਥੇ ਦੋਵੇਂ ਵੇਲੇ ਦੀਵਾਨ ਲੱਗਦੇ ਸਨ ਤਾਂ ਮਾਤਾ ਹੁਕਮੀ ਕੋਲ ਰਾਜੇ ਨੇ ਅਰਜ਼ ਕੀਤੀ ਕਿ ਬੱਚਾ ਨਹੀਂ ਹੋ ਰਿਹਾ। ਉਹਨਾਂ ਨੇ ਆਖਿਆ ਕਿ ਸਤਿਗੁਰੂ ਰਾਮ ਸਿੰਘ ਦੀ ਗੱਦੀ ’ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਂ ਉਥੇ ਜਾ ਕੇ ਉਹਨਾਂ ਅੱਗੇ ਬੇਨਤੀ ਕਰਾਂਗੀ ਅਤੇ ਸਤਿਗੁਰੂ ਕਿਰਪਾ ਕਰਨਗੇ। ਰਾਜੇ ਦੇ ਘਰ ਪੁੱਤਰ ਹੋਇਆ ਅਤੇ ਪੁੱਤਰ ਹੋਣ ਦੀ ਖੁਸ਼ੀ ’ਚ ਉਹਨੇ ਨਾਭੇ ਦਾ ਬੀੜ ਜਿਹੜਾ ਬੀੜ ਮਰਾਰੜੂ ਇਹ 52 ਮੁਰੱਬਿਆਂ ਦਾ ਬੀੜ ਸੀ ਬੀੜ ਤਾਂ ਉਹਨੇ ਦੋ ਤਿੰਨ ਵਿਖਾਏ ਕੋਈ 500 ਮੁਰੱਬੇ ਦਾ ਬੀੜ ਵੀ ਸੀ, ਕੋਈ 200 ਮੁਰੱਬੇ ਦਾ ਸੀ ਪਰ ਇਹਦੇ ਤੇ ਪਾਣੀ ਦੇ ਚੋ ਵਗਦੇ ਸਨ ਸਤਿਗੁਰੂ ਜੀ ਨੂੰ ਇਹ ਪਸੰਦ ਆਇਆ।

ਉਹਨਾਂ ਨੇ ਕਿਹਾ ਇਹ ਠੀਕ ਹੈ। ਇਹ ਅਸੀਂ ਗਊਆਂ ਵਾਸਤੇ ਇੱਥੇ ਲੈ ਸਕਦੇ ਹਾਂ। ਹੁਣ ਜਦੋਂ ਰਿਪੂਦਮਨ ਸਿੰਘ ਤੇ ਦੋ ਤਿੰਨ ਦੋਸ਼ ਲੱਗੇ ਤੇ ਇੱਕ ਤੇ ਕੂਕਿਆਂ ਨੂੰ ਬੀੜ ਦੇਣਾ, ਸਰਕਾਰ ਦੇ ਬਾਗੀਆਂ ਨੂੰ। ਇੱਕ ਜਦੋਂ ਅਕਾਲੀ ਅੰਦੋਲਨ ਚੱਲਿਆ ਤਾਂ ਉਹਦੀ ਹਮਦਰਦੀ ਤੇ ਸਰਕਾਰ ਨੂੰ ਇਸ ਗੱਲ ਦਾ ਸ਼ੱਕ ਸੀ ਕਿ ਅਕਾਲੀ ਅੰਦੋਲਨ ਦੇ ਨਾਲ ਹੈ। ਇਸ ਲਈ ਕੁਝ ਨਾਭੇ ਤੇ ਪਟਿਆਲੇ ਦਾ ਆਪੋ ’ਚ ਝਗੜਾ ਚਲਦਾ ਸੀ ਦੋਵਾਂ ਰਾਜਿਆਂ ਦਾ। ਉਸ ਝਗੜੇ ਦੀ ਜੱਦ ’ਚ ਲਪੇਟ ਕੇ ਉਹਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਉਹਨੂੰ ਗੱਦੀ ਤੇ ਦੁਬਾਰਾ ਬਹਾਉਣ ਲਈ ਸੰਗਤ ਨੇ ਜੈਤੋ ਦੇ ਗੁਰਦੁਆਰੇ ਵਿੱਚ ਅਖੰਡ ਪਾਠ ਸ਼ੁਰੂ ਕਰ ਦਿੱਤੇ। ਰਿਆਸਤ ਦੀ ਪੁਲਿਸ ਨੇ ਜਾ ਕੇ ਉਹ ਪਾਠ ਖੰਡਤ ਕਰ ਦਿੱਤੇ ਅਤੇ ਪਾਠੀ ਗ੍ਰਿਫਤਾਰ ਕਰ ਲਏ।

ਇਥੋਂ ਉਹ ਮੋਰਚਾ ਲੱਗਿਆ ਜਿਹਨੂੰ ਜੈਤੋ ਦਾ ਮੋਰਚਾ ਕਹਿੰਦੇ ਨੇ ਤੇ ਇਹ ਗੁਰਦਿਆਲ ਸਿੰਘ ਜਿਹੜਾ ਨਾਭੇ ਦਾ ਨਾਜ਼ਮ ਸੀ, ਇਹ ਸਿੱਖਾਂ ਤੇ ਬਹੁਤ ਸਖਤੀਆਂ ਕਰ ਰਿਹਾ ਸੀ। ਹੁਣ ਬੀੜ ਤਾਂ ਨਾਭੇ ਦੀ ਇੱਕ ਵਾਰ ਮਿਲ ਗਈ ਪਰ ਸਰਕਾਰ ਚਾਹੁੰਦੀ ਨਹੀਂ ਸੀ ਕਿਉਂਕਿ ਰਾਜੇ ਨੂੰ ਗੱਦੀ ਤੋਂ ਲਾਹ ਦਿੱਤਾ ਕਿ ਬੀੜ ਕੂਕਿਆਂ ਕੋਲ ਰਹੇ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਹ ਸੁਨੇਹਾ ਭੇਜਿਆ ਕੇ ਜੇ ਤੁਸੀਂ ਬੀੜ ਤੇ ਆਪਣਾ ਕਬਜ਼ਾ ਰੱਖਣਾ ਤਾਂ ਤੁਸੀਂ ਇਹ ਕਹੋ ਕਿ ਗੁਰਦਿਆਲ ਸਿੰਘ ਜਿਹਨੂੰ ਸਿੱਖ ਗੁਰਦਿਆਲੂ ਕਹਿੰਦੇ ਨੇ ਇਹ ਸੱਚਾ ਸਿੱਖ ਹੈ। ਸਤਿਗੁਰੂ ਜੀ ਦਾ ਜਵਾਬ ਸੀ ਬੀੜ ਮਿਲੇ ਜਾਂ ਨਾ ਮਿਲੇ ਅਸੀਂ ਗੁਰਦਿਆਲ ਸਿੰਘ ਨੂੰ ਸਿੱਖੀ ਫਤਵਾ ਨਹੀਂ ਦੇ ਸਕਦੇ ਤੇ ਸਾਡੀ ਭਾਵਨਾ ਵੀ ਦੂਜੇ ਸਿੱਖਾਂ ਦੇ ਨਾਲ ਹੀ ਹੈ। ਇੱਕ ਮੌਕਾ ਹੋਰ ਆਇਆ ਜਦੋਂ ਭਾਈ ਤਾਰੂ ਸਿੰਘ ਸ਼ਹੀਦ ਦਾ ਜਿਹੜਾ ਸ਼ਹੀਦ ਗੰਜ ਸੀ ਉਹਦੇ ਨੇੜੇ ਹੀ ਇੱਕ ਮਸੀਤ ਵੀ ਸੀ। ਉਸ ਮਸੀਤ ਤੇ ਸ਼ਹੀਦ ਗੰਜ ਦੇ ਰੌਲੇ

'ਚ 1937-38 ਈ. 'ਚ ਉਥੇ ਵੀ ਮੋਰਚਾ ਲੱਗਾ।

ਜਿਹੜਾ ਪੰਜਾਬ ਦਾ ਗਵਰਨਰ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਾਣਕਾਰ ਸੀ ਘੋੜ ਦੌੜਾਂ ਵਿੱਚ। ਉਹਨੇ ਸਤਿਗੁਰੂ ਜੀ ਨੂੰ ਸੁਨੇਹਾ ਭੇਜਿਆ ਤੇ ਕਹਿਣ ਲੱਗਾ ਕਿ ਜੇ ਤੁਸੀਂ ਇਹ ਸ਼ਹੀਦ ਗੰਜ ਵਾਲੇ ਥਾਂ ਬਾਰੇ ਲਿਖ ਦਿਉ ਕਿ ਸਰਕਾਰ ਜੋ ਚਾਹੇ ਫੇਸਲਾ ਕਰੇ ਸਾਨੂੰ ਸਿਖਾਂ ਨੂੰ ਇਤਰਾਜ ਨਹੀਂ ਕਰਨਾ ਚਾਹੀਦਾ। ਜਿਹੜਾ ਇਹਦਾ ਕੋਈ ਫੈਸਲਾ ਕੀਤਾ ਜਾ ਸਕਦਾ ਤੇ ਇਹਦੇ 'ਚ ਸਰਕਾਰ ਦਾ ਬੜਾ ਭਲਾ ਹੋਏਗਾ ਸਤਿਗੁਰੂ ਜੀ ਦਾ ਜਵਾਬ ਸੀ ਕਿ ਗਵਰਨਰ ਸਾਹਿਬ ਮੁਹਾਵਰਾ ਹੈ ਕਿ ਤੋਤੇ ਨੇ ਦਹੀਂ ਦੇ ਭੁਲੇਖੇ ਕਪਾਹ ਦੀ ਫੁੱਟੀ ਤੇ ਚੁੰਜ ਗੱਡ ਦਿੱਤੀ ਤੇ ਵਿੱਚੇ ਹੀ ਉਹ ਸੁੱਕ ਕੇ ਮਰ ਗਿਆ। ਤੁਹਾਡੇ ਨਾਲ ਉਹ ਹੋਏਗੀ ਜੇ ਤੁਸੀਂ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਨੂੰ ਪੰਥ ਤੋਂ ਖੋਹਣ ਦੀ ਕੋਈ ਵੀ ਛੋਟੀ ਮੋਟੀ ਕੋਸ਼ਿਸ਼ ਕੀਤੀ ਤਾਂ। ਸਾਡਾ ਬੱਚਾ ਬੱਚਾ ਇਸ ਮਾਮਲੇ ਵਾਸਤੇ ਕੱਟ ਮਰੇਗਾ। ਅਸੀਂ ਸਾਰੇ ਇਸ ਮਾਮਲੇ ਤੇ ਬਾਬਾ ਤਾਰੂ ਸਿੰਘ ਦੇ ਸ਼ਹੀਦ ਗੰਜ ਦੇ ਨਾਲ ਹਾਂ। ਗਵਰਨਰ ਨੂੰ ਇਹ ਅਹਿਸਾਸ ਹੋ ਗਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਭਾਵੇਂ ਨਾਮਧਾਰੀ ਸਮੁਦਾਇ ਦੇ ਆਗੂ ਨੇ ਪਰ ਉਹ ਸਮੁੱਚੇ ਸਿੱਖ ਪੰਥ ਦੇ ਨਾਲ ਆਪਣੀ ਤਕਦੀਰ ਹਮੇਸ਼ਾ ਜੋੜ ਕੇ ਰੱਖਦੇ ਨੇ।

ਨਨਕਾਣੇ ਸਾਹਿਬ ਦਾ ਮਹੰਤ ਨਰਾਇਣ ਦਾਸ ਜਦੋਂ ਅਕਾਲੀ ਸਿੰਘ ਉਹਦੇ ਤੋਂ ਗੁਰਦੁਆਰੇ ਦੀਆਂ ਕੁੰਜੀਆਂ ਮੰਗ ਰਹੇ ਸਨ ਤਾਂ ਉਹ ਇੱਕ ਦਿਨ ਨਾਮਧਾਰੀ ਧਰਮਸ਼ਾਲਾ ਨਨਕਾਣੇ ਸਾਹਿਬ ਆਇਆ 1920 ਈ. ਦੇ ਕੱਤਕ ਪੁੰਨਿਆਂ ਦੇ ਦਿਨਾਂ 'ਚ ਅਤੇ ਕਹਿਣ ਲੱਗਾ ਮਹਾਰਾਜ ਮੈਂ ਉਹਨਾਂ ਨੂੰ ਦਿਆਂਗਾ ਨਹੀਂ ਆਪ ਨੂੰ ਦੇ ਸਕਦਾ ਅਤੇ ਇਹ ਕੁੰਜੀਆਂ ਸੰਭਾਲੋ। ਸਤਿਗੁਰੂ ਜੀ ਵੇਖਿਆ ਮਹੰਤ ਵੱਲ ਅਤੇ ਫਿਰ ਕਹਿਣ ਲੱਗੇ ਨਹੀਂ ਮਹੰਤ ਜੀ ਜਿਹੜੇ ਮੰਗਦੇ ਨੇ ਉਹਨਾਂ ਦੇ ਹਵਾਲੇ ਕਰੋ। ਸਾਡਾ ਇਹਨਾਂ ਕੁੰਜੀਆਂ ਨਾਲ ਕੋਈ ਸਰੋਕਾਰ ਨਹੀਂ, ਉਹਨਾਂ ਦੇ ਜਾਣ ਤੋਂ ਬਾਅਦ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਉਹ ਕਹਿਣ ਲੱਗੇ ਪਾਤਸ਼ਾਹ ਜੀ ਬਹੁਤ ਵੱਡੀ ਪੇਸ਼ਕਸ਼ ਸੀ ਸਤਿਗੁਰੂ ਜੀ ਨੇ ਕਿਹਾ ਇਹ ਜਿੱਡੀ ਪੇਸ਼ਕਸ਼ ਸੀ ਇਹਦੇ ਨਤੀਜੇ ਵੀ ਸੰਤ ਜੀ ਉਨੇ ਹੀ ਵੱਡੇ ਹੋਣੇ ਸਨ।

ਇਸ ਲਈ ਸਤਿਗੁਰੂ ਜੀ ਆਜ਼ਾਦੀ ਅੰਦੋਲਨ 'ਚ ਵੀ ਯਤਨਸ਼ੀਲ ਨੇ ਤੇ ਕੌਮੀ ਲਹਿਰਾਂ ਦਾ ਵੀ ਸਾਥ ਦੇ ਰਹੇ ਨੇ। ਸ੍ਰੀ ਭੈਣੀ ਸਾਹਿਬ ਵਿੱਚ 1932 ਮਈ ਦੇ ਮਹੀਨੇ 'ਚ ਰਤਨ ਸਿੰਘ ਬੱਬਰ ਅਕਾਲੀ ਆਉਂਦੇ ਨੇ। ਬੱਬਰ ਅਕਾਲੀ ਲਹਿਰ 1922-24 'ਚ ਦੁਆਬੇ ਤੋਂ ਸ਼ੁਰੂ ਹੋਈ, ਜੈਤੋ ਦੇ ਮੋਰਚੇ, ਗੁਰੂ ਕੇ ਬਾਗ ਦੇ ਮੋਰਚੇ ਜਿੱਥੇ ਸ਼ਾਂਤਮਈ ਤੌਰ ਤੇ ਸਿੱਖਾਂ ਨੂੰ ਅੰਗਰੇਜ਼ ਸਰਕਾਰ ਦੀਆਂ ਸਖਤੀਆਂ ਦਾ ਮੁਕਾਬਲਾ ਕਰਨਾ ਪਿਆ ਗੁੱਸੇ ਵਜੋਂ ਰੋਸ ਵਜੋਂ ਇਹ ਹਥਿਆਰਬੰਦ ਲਹਿਰ ਸਰਕਾਰ ਦੇ ਝੋਲੀ ਚੁੱਕਾਂ ਦਾ ਸਫ਼ਾਇਆ ਕਰਨ ਵਾਸਤੇ ਇੱਕ ਕਿਸਮ ਦੀ ਖਾੜਕੂ ਲਹਿਰ ਸੀ।

ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਇਹ ਉਸ ਦੇ ਆਗੂ ਸਨ ਅਤੇ ਇਹਦੇ 'ਚ ਬਹੁਤ ਸਾਰੀਆਂ ਸ਼ਹਾਦਤਾਂ ਹੋਈਆਂ ਫਾਂਸੀਆਂ ਤੇ ਚੜੇ, ਕਾਲੇ ਪਾਣੀ ਭੇਜੇ ਗਏ, ਰਤਨ ਸਿੰਘ ਸਿੰਘ ਬੱਬਰ ਵੀ ਅੰਡੇਮਾਨ ਕਾਲੇ ਪਾਣੀ ਭੇਜਿਆ ਗਿਆ। ਉਥੋਂ ਆਉਂਦਾ ਇਹ ਨਿਰਵਾਣੇ ਦੇ ਸਟੇਸ਼ਨ ਤੋਂ ਚਲਦੀ ਰੇਲ ਵਿਚੋਂ ਸਿਪਾਹੀਆਂ ਤੋਂ ਬੰਦੂਕ ਖੋਹ ਕੇ ਕੁਝ ਸਾਥੀਆਂ ਸਣੇ ਫਰਾਰ ਹੋ ਗਏ। ਇਹ ਅਪ੍ਰੈਲ ਦੇ ਦਿਨਾਂ 'ਚ ਫਰਾਰ ਹੋਏ ਅਤੇ ਇਹ ਪੰਜਾਬ ਦੇ ਵਿੱਚ ਲੁਕਦਾ ਛਿਪਦਾ ਰਿਹਾ। ਜਦੋਂ ਇਹਨੇ ਸ੍ਰੀ ਭੈਣੀ ਸਾਹਿਬ ਆਉਣਾ ਸੀ ਤਾਂ ਉਸ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪੁਲਿਸ ਦਾ ਵੀ ਘੇਰਾ ਪੈ ਚੁੱਕਾ ਸੀ ਅਤੇ ਉਹ ਕਹਿ ਰਹੇ ਨੇ ਡੇਰੇ ਦੇ ਪ੍ਰਬੰਧਕਾਂ ਨੂੰ ਜਿਹੜੇ ਉਹਨਾਂ ਦਿਨਾਂ ਵਿੱਚ ਮੇਰੇ ਪਿਤਾ ਜੀ ਜਥੇਦਾਰ ਗੁਰਮੁਖ ਸਿੰਘ ਝੱਬਰ ਇੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਥਾਪੇ ਸਨ। ਉਹਨਾਂ ਨੂੰ ਪੁਲਿਸ ਵਾਲਿਆਂ ਨੇ ਆਖਿਆ ਕਿ ਇਸ ਤਰ੍ਹਾਂ ਦਾ ਇੱਕ ਬੰਦਾ ਆਵੇਗਾ ਤੇ ਉਹਨੂੰ ਪਕੜਿਆ ਜਾਵੇ। ਰਤਨ ਸਿੰਘ ਕਿਸਾਨ ਦੇ ਭੇਸ ਵਿੱਚ ਸੀ ਸਿਰ ਤੇ ਬਾਲਣ ਦੀ ਪੰਡ ਵਿੱਚ ਬੰਦੂਕ ਲੁਕਾਈ ਨੀਲੋਂ ਨਹਿਰ ਵਾਲਾ ਪੁਲ ਟੱਪ ਆਇਆ ਅਤੇ ਉਹਨੂੰ ਭੈਣੀ ਸਾਹਿਬ ਬਾਗ ਵਾਲੀ ਕੋਠੀ ਵਿੱਚ ਲਿਆ ਕੇ ਥੋੜਾ ਜਲ ਪਾਣੀ ਛਕਾਇਆ ਅਤੇ ਵਾੜ ਪੁੱਟ ਕੇ ਉਹਨੂੰ ਲੰਘਾਇਆ ਗਿਆ।

ਉਹ ਜਦੋਂ ਲੰਘ ਰਿਹਾ ਸੀ ਤਾਂ ਪਿੱਛੋਂ ਭਾਗਪੁਰ ਦੇ ਜੈਲਦਾਰ ਦੇ ਭਤੀਜੇ ਨੇ ਜੱਫਾ ਮਾਰ ਲਿਆ ਤੇ ਉਸ ਜੈਲਦਾਰ ਦੇ ਭਤੀਜੇ ਨੂੰ ਬਾਪੂ ਜੀ ਨੇ ਪਿੱਛੋਂ ਖਿੱਚ ਲਿਆ ਤੇ ਇਨ੍ਹੇ ਨੂੰ ਰਤਨ ਸਿੰਘ ਅੱਗੇ ਲੰਘ ਗਿਆ ਅਤੇ ਬਾਅਦ ਵਿੱਚ ਥਾਣੇਦਾਰ ਵੀ ਆ ਗਿਆ। ਉਹ ਜੈਲਦਾਰ ਦਾ ਭਤੀਜਾ ਕਹਿੰਦਾ ਜੇ ਮੈਨੂੰ ਜਥੇਦਾਰ ਨਾ ਫੜਦਾ ਤਾਂ ਮੈਂ ਰਤਨ ਸਿੰਘ ਨੂੰ ਫੜ ਲਿਆ ਸੀ। ਬਾਪੂ ਜੀ ਆਖਣ ਲੱਗੇ ਵਾਹ ਤੂੰ ਨਹੀਂ ਰਤਨ ਸਿੰਘ? ਥਾਣੇਦਾਰ ਤੂੰ ਕਹਿੰਦਾ ਸੀ ਇਹੋ ਜਿਹਾ ਬੰਦਾ ਹੋਵੇਗਾ, ਮੈਂ ਤੈਨੂੰ ਰਤਨ ਸਿੰਘ ਸਮਝ ਕੇ ਜੱਫਾ ਪਾਇਆ। ਉਸ ਹਾਜ਼ਰ ਜਵਾਬੀ

ਨਾਲ ਰਤਨ ਸਿੰਘ ਵੀ ਇਥੋਂ ਨਿਕਲ ਗਿਆ। ਜਿਸ ਦਾ ਜ਼ਿਕਰ ਉਹਨਾਂ ਦੀਆਂ ਜੀਵਨੀਆਂ ਜਿਹੜੀਆਂ ਇਤਿਹਾਸਕਾਰਾਂ ਨੇ ਲਿਖੀਆਂ ਨੇ ਉਹਦੇ ਵਿੱਚ ਆਉਂਦਾ ਤੇ ਕੂਕਿਆਂ ਦੇ ਡੇਰੇ ਭੈਣੀ ਸਾਹਿਬ ਵਿੱਚੋਂ ਵੀ ਉਹਨਾਂ ਨੂੰ ਪਨਾਹ ਮਿਲੀ ਅਤੇ ਜਿੱਥੋਂ ਫਿਰ ਉਹ ਸੁਰੱਖਿਤ ਲੰਘੇ।

ਇਸ ਤੋਂ ਕਈ ਦਿਨ ਬਾਅਦ ਰੁੜਕੀ ਖਾਸ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਦਾ ਸੈਣੀਆਂ ਸਿੰਘਾਂ ਦਾ। ਜਿੱਥੇ ਉਹਨਾਂ ਦਾ ਪੁਲਿਸ ਮੁਕਾਬਲਾ ਹੋਇਆ ਤੇ ਭਾਈ ਰਤਨ ਸਿੰਘ ਜੀ ਸ਼ਹੀਦ ਹੋਏ। ਸੋ ਫਿਰ ਗਵਰਨਰ ਮਿਲਿਆ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਉਹ ਕਹਿਣ ਲੱਗਾ ਜੀ ਤੁਹਾਨੂੰ ਪਤਾ ਨਹੀਂ ਕਿ ਰਤਨ ਸਿੰਘ ਬੱਬਰ ਅਕਾਲੀ ਇੰਨੇ ਕਤਲਾਂ ਦਾ ਭਗੌੜਾ, ਸਰਕਾਰ ਦਾ ਮੁਜ਼ਰਮ 40 ਤੋਂ ਵੱਧ ਮੁਕਦਮੇ ਉਹਦੇ ਤੇ ਚਲਦੇ ਹਨ। ਤੁਸੀਂ ਉਹਨੂੰ ਪਨਾਹ ਦਿੱਤੀ। ਸਤਿਗੁਰੂ ਜੀ ਦਾ ਜਵਾਬ ਸੀ ਸਾਬ ਕਿਸੇ ਦੇ ਮੱਥੇ ਤੇ ਨਹੀਂ ਲਿਖਿਆ ਹੁੰਦਾ ਕਿ ਕੋਈ ਸਰਕਾਰ ਦਾ ਭਗੌੜਾ ਹੈ ਜਾਂ ਕਾਤਲ ਹੈ ਇਹ ਤਾਂ ਹਾਲਾਤ ਨੇ ਜਿਹੜੇ ਬੰਦੇ ਨੂੰ ਕਾਤਲ ਬਣਾ ਦਿੰਦੇ ਨੇ ਬਾਕੀ ਸਤਿਗੁਰੂ ਰਾਮ ਸਿੰਘ ਦਾ ਲੰਗਰ ਸਾਡੇ ਕੋਲ ਹੈ। ਜਿਹੜਾ ਵੀ ਇੱਥੇ ਲੰਗਰ ਦੀ ਅਰਜ਼ ਕਰਦਾ ਅਸੀਂ ਉਹਨੂੰ ਭੁੱਖਾ ਨਹੀਂ ਭੇਜ ਸਕਦੇ।

ਮਹਾਰਾਜਾ ਫਰੀਦਕੋਟ ਨਾਲ ਆਪ ਜੀ ਦੇ ਬੜੇ ਅੱਛੇ ਸਬੰਧ ਸਨ। ਪੰਡਿਤ ਜਵਾਹਰਲਾਲ ਨਹਿਰੂ 1939 ਵਿੱਚ ਜਦੋਂ ਰਿਆਸਤੀ ਪਰਜਾ ਮੰਡਲ ਦੀ ਕਾਨਫਰੰਸ ਹੋਈ ਲੁਧਿਆਣੇ। ਰਿਆਸਤਾਂ ਦੇ ਲੋਕ ਦੂਹਰੀ ਗੁਲਾਮੀ 'ਚ ਸਨ ਇਕ ਰਾਜਿਆਂ ਦੀ ਗੁਲਾਮੀ, ਇੱਕ ਅੰਗਰੇਜ਼ਾਂ ਦੀ ਗੁਲਾਮੀ। ਉਹਦੇ ਖਿਲਾਫ ਇੱਥੇ ਇੱਕ ਬਹੁਤ ਵੱਡਾ ਆਯੋਜਨ ਸੀ। ਲੁਧਿਆਣੇ ਪੰਡਿਤ ਜਵਾਹਰਲਾਲ ਨਹਿਰੂ ਨੇ ਉਹਦੀ ਪ੍ਰਧਾਨਗੀ ਕੀਤੀ, ਡਾ. ਸੀਤਾ ਭੀ ਪੱਟਾ ਰਮਈਆ ਆਏ ਅਗਲੇ ਦਿਨ ਇਹ ਸ੍ਰੀ ਭੈਣੀ ਸਾਹਿਬ ਵੀ ਆਉਂਦੇ ਹਨ ਤੇ ਮਹਾਰਾਜਾ ਫਰੀਦਕੋਟ ਇਸ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਿਲੇ ਕਹਿਣ ਲੱਗੇ ਜਾਂ ਤੁਸੀਂ ਸਾਡੇ ਨਾਲ ਸੰਬੰਧ ਰੱਖੋ ਜਾਂ ਪੰਡਿਤ ਜਵਾਹਰ ਲਾਲ ਨਾਲ। ਸਤਿਗੁਰੂ ਜੀ ਨੇ ਕਿਹਾ ਰਾਜਾ ਸਾਹਿਬ ਤੁਹਾਡੇ ਨਾਲ ਸਾਡੇ ਸਧਾਰਨ ਸੰਬੰਧ ਨੇ ਪਰ ਪੰਡਿਤ ਜਵਾਹਰ ਲਾਲ ਨਾਲ ਸਾਡੇ ਅਸਧਾਰਨ ਸਬੰਧ ਨੇ। ਫਿਰ ਗਵਰਨਰ ਮਿਲਿਆ ਉਹ ਕਹਿਣ ਲੱਗਾ ਜੀ ਪੰਡਿਤ ਜੀ ਨੇ ਕੀ ਗੱਲਾਂ ਕੀਤੀਆਂ ਭੈਣੀ ਸਾਹਿਬ? ਸਤਿਗੁਰੂ ਜੀ ਨੇ ਬੜਾ ਸਪਸ਼ਟ ਜਵਾਬ ਦਿੱਤਾ ਕਿ ਉਹਨਾਂ ਨੇ ਸਾਡੀਆਂ ਮੁਸ਼ਕਲਾਂ ਸਾਥੋਂ ਪੁੱਛੀਆਂ ਤੇ ਜਿਹੜੀਆਂ ਕੋਈ ਤਕਲੀਫਾਂ ਉਹਨਾਂ ਨੂੰ ਸਨ ਉਹ ਉਹਨਾਂ ਨੇ ਸਾਡੇ ਨਾਲ ਸਾਂਝੀਆਂ ਕੀਤੀਆਂ। ਵੇਵਲ ਕਾਨਫਰੰਸ ਹੁੰਦੀ ਹੈ 1945 ਤੋਂ ਬਾਅਦ ਸ਼ਿਮਲੇ, ਜਿੱਥੇ ਦੇਸ਼ ਦੀ ਆਜ਼ਾਦੀ ਵਾਸਤੇ ਯੋਜਨਾਵਾਂ ਬਣ ਰਹੀਆਂ ਸਨ। ਕੁਝ ਲੋਕਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਪੰਡਤ ਜਵਾਹਰ ਲਾਲ, ਮੌਲਾਨਾ ਅਬਦੁਲ ਕਲਾਮ ਆਜ਼ਾਦ ਇਹ ਸਾਰੇ ਕੌਮੀ ਲੀਡਰ ਇਕੱਠੇ ਸਨ ਕਿ ਦੇਸ਼ ਆਜ਼ਾਦ ਹੋਣ ਜਾ ਰਿਹਾ ਹੈ ਸਾਰੇ ਆਪੋ ਆਪਣੀਆਂ ਮੰਗਾਂ ਲੈ ਕੇ ਆ ਰਹੇ ਨੇ ਤੇ ਤੁਹਾਡੀ ਵੀ ਜੇ ਕੋਈ ਮੰਗ ਹੈ ਤਾਂ ਦੱਸ ਦਿਓ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੱਕ ਕੋਰੇ ਕਾਗਜ ਤੇ ਆਪਣੇ ਦਸਤਖਤ ਕਰਕੇ ਉਹਨਾਂ ਨੂੰ ਫੜਾ ਦਿੱਤੇ ਕਿ ਸਾਡੀ ਇੱਕੋ ਮੰਗ ਏ ਜਿਸ ਮੰਗ ਲਈ ਸਾਡੇ ਬੜੇ ਸਿੰਘ ਸ਼ਹੀਦ ਹੋਏ। ਸਤਿਗੁਰੂ ਰਾਮ ਸਿੰਘ ਜੀ ਪਰਦੇਸ ਗਏ। ਕਿ ਅੰਗਰੇਜ਼ ਸਰਕਾਰ ਸਾਡਾ ਖਹਿੜਾ ਛੱਡੇ, ਹਿੰਦੁਸਤਾਨ ਆਜ਼ਾਦ ਹੋਵੇ ਆਜ਼ਾਦੀ ਹੀ ਸਾਡੀ ਮੰਗ ਹੈ।

ਮੌਲਾਨਾ ਅਬੁਲ ਕਲਾਮ ਆਜ਼ਾਦ ਜਿਹੜੇ ਉੱਥੇ ਹਾਜ਼ਰ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿੱਚ ਜ਼ਿਕਰ ਆਉਂਦਾ ਕਿ ਮੌਲਾਨਾ ਸਾਹਿਬ ਨੇ ਕਿਹਾ ਕਿ ਜਿਹੜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਸ ਵੇਲੇ ਇਹ ਸ਼ਬਦ ਸਨ ਉਹ ਬੜੇ ਮੁਲਾਇਮ ਸਨ ਅਤੇ ਇਹਨਾਂ ਸ਼ਬਦਾਂ ਨੇ ਸਾਨੂੰ ਇੱਕ ਰੋਸ਼ਨੀ ਦਿੱਤੀ ਇੱਕ ਚਾਨਣ ਤੇ ਹੁਣ ਦੇਸ਼ ਨੂੰ ਲੰਮਾ ਸਮਾਂ ਕੋਈ ਵੀ ਤਾਕਤ ਗੁਲਾਮ ਨਹੀਂ ਰੱਖ ਸਕਦੀ। ਸੋ ਸਤਿਗੁਰੂ ਜੀ ਦਾ ਇਹ ਰਾਜਨੀਤਿਕ ਪੱਖ ਹਰ ਰੰਗ ਦੇ ਦੇਸ਼ ਭਗਤਾਂ ਨਾਲ ਮੋਢਾ ਜੋੜਨਾ, ਇੱਥੇ ਕਾਂਗਰਸੀ ਵੀ ਆਏ, ਇੱਥੇ ਕਮਨਿਸਟ ਵੀ ਆਏ, ਅਕਾਲੀ ਵੀ ਆਏ, ਜਨ ਸੰਘੀ ਵੀ ਆਏ, ਹਰ ਤਰ੍ਹਾਂ ਦੇ ਜਿਹੜੇ ਵੀ ਮੁਲਕ ਵਾਸਤੇ ਸੋਚਣ ਵਾਲੇ ਸਨ ਸਾਰਿਆਂ ਨੂੰ ਸਤਿਗੁਰੂ ਜੀ ਦੇ ਦਰਬਾਰ ਵਿੱਚੋਂ ਸਤਿਕਾਰ ਮਿਲਿਆ। ਇੱਕ ਵੱਡਾ ਕਾਰਜ 1934 ਵਿੱਚ ਆਪ ਜੀ ਨੇ ਜੋ ਕੀਤਾ ਸ੍ਰੀ ਗੁਰੂ ਨਾਨਕ ਸਰਬ ਸੰਪਰਦਾਇਕ ਕਾਨਫਰੰਸ ਉਹਦਾ ਆਯੋਜਨ ਕਰਕੇ। ਸਿੱਖਾਂ ਦੇ ਸਾਰੇ ਫਿਰਕਿਆਂ ਨੂੰ ਇੱਕ ਸਾਖ ਵਿੱਚ ਪਰੋਇਆ। ਇਸ ਤੋਂ ਪਹਿਲਾਂ ਸਤਿਗੁਰੂ ਜੀ ਜਦੋਂ ਸਿਆਮ ਦੀ ਯਾਤਰਾ ਤੇ ਗਏ ਤਾਂ ਉਹ ਫ਼ਰਮਾਉਂਦੇ ਨੇ ਕਿ ਅਸੀਂ ਜਦੋਂ ਰੰਗੂਨ ਗਏ ਤਾਂ ਉੱਥੇ ਗੁਰਦੁਆਰੇ ਨੂੰ ਜਿੰਦਰੇ ਵੱਜੇ ਸੀ ਪੁੱਛਿਆ ਗਿਆ ਕਿ ਜਿੰਦਰੇ ਕਿਉਂ ਵੱਜੇ?

ਇਥੇ ਝਗੜਾ ਇਹ ਵੇ ਕਿ ਗੁਰਦੁਆਰੇ ਦਾ ਪ੍ਰਧਾਨ ਫੌਜੀ ਹੋਵੇ ਕਿ ਸਿਵਲੀਅਨ ਹੋਵੇ ਇਸ ਗੱਲ ਦਾ ਝਗੜਾ ਚੱਲ ਰਿਹਾ ਤਾਂ ਦੇਸ਼ ਵਾਪਸ ਆ ਕੇ ਸਤਿਗੁਰੂ ਜੀ ਨੇ ਸੋਚਿਆ ਕਿ ਸਾਰਿਆਂ ਨੂੰ ਪ੍ਰੇਮ ਪਿਆਰ ਦੇ ਸੂਤਰ ਵਿੱਚ ਪਰੋਇਆ ਜਾਵੇ ਉਹਦੇ ਲਈ ਸਾਲ ਭਰ ਤੋਂ ਤਿਆਰੀਆਂ ਹੋਈਆਂ ਫਿਰ ਕੁਝ ਧਾਰਮਿਕ ਤੌਰ ਤੇ ਮੁਸ਼ਕਲਾਂ ਵੀ ਪੇਸ਼ ਹੋਣੀਆਂ ਸੀ ਇਹ ਗੱਲ ਦਾ ਜ਼ਿਕਰ ਗਿਆਨੀ ਕਰਤਾਰ ਸਿੰਘ ਸਤਿਗੁਰੂ ਜੀ ਦੇ ਭੋਗ ਸਮਾਗਮ ਤੇ ਕਰਦੇ ਨੇ ਕਿ ਜਿਹੜਾ ਉਹ 1934 ਈ. ਵਿੱਚ ਗੁਰੂ ਨਾਨਕ ਸਰਵਸੰਮਤੀ ਨਾਲ ਸੰਪਰਦਾਇਕ ਕਾਨਫਰੰਸ ਵਾਲਾ ਸ੍ਰੀ ਭੈਣੀ ਸਾਹਿਬ ਵਿੱਚ ਆਯੋਜਨ ਸੀ ਉਹ ਕਹਿੰਦੇ ਨੇ ਕਿ ਉਹ ਇਸ ਲਈ ਸਫਲ ਹੋਇਆ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਉਸ ਵੇਲੇ ਆਪਣੀਆਂ ਧਾਰਮਿਕ ਸ਼ਰਤਾਂ ਬਾਕੀ ਸਿੱਖਾਂ ਤੇ ਨਹੀਂ ਠੋਸੀਆਂ।

ਸਵੇਰ ਦੀ ਆਸਾ ਦੀ ਵਾਰ ਦੀ ਅਰਦਾਸ ਨਾਮਧਾਰੀ ਅਕੀਦੇ ਮੁਤਾਬਕ। ਪਿਛਲੇ ਪਹਿਰ ਸ਼ਾਮ ਦੇ ਦੀਵਾਨ ਦੌਰਾਨ ਅਰਦਾਸ ਪ੍ਰਿੰਸੀਪਲ ਭਾਈ ਜੋਧ ਸਿੰਘ ਆਮ ਸਿੱਖਾਂ ਦੇ ਅਕੀਦੇ ਮੁਤਾਬਿਕ ਕਰਦੇ ਪਾਤਸ਼ਾਹੀ ਦਸ ਦੀ ਅਰਦਾਸ। ਇਸ ਤਰੀਕੇ ਨਾਲ ਉਹ ਸਮਾਗਮ ਨਿਰਵਿਘਨ ਸਮਾਪਤ ਹੋਇਆ। ਜਿਹਦੇ 'ਚ ਅੱਡਣ ਛਾਈਏ ਆਏ, ਸੇਵਾ ਪੰਥੀਏ ਆਏ, ਨਿਰਮਲੇ ਆਏ, ਉਦਾਸੀ ਆਏ, ਨਿਹੰਗ ਆਏ, ਰਾਧਾ ਸੁਆਮੀ ਆਏ, ਉਹ ਸਾਰੇ ਹੀ ਵੱਖੋ-ਵੱਖਰੇ ਸਿੱਖਾਂ ਦੇ ਫਿਰਕੇ ਮਾਹਾਰਾਜ ਸਾਵਣ ਸਿੰਘ ਹੋਰਾਂ ਨੇ ਆਪਣੇ ਉਪਦੇਸ਼ ਵਿੱਚ ਜ਼ਿਕਰ ਕੀਤਾ। "ਬੇਸ਼ਕ ਅਸੀਂ ਨਾਨਕ ਪੰਥੀ ਨਹੀਂ ਪਰ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਪਿਆਰ ਸਾਨੂੰ ਇੱਥੇ ਖਿੱਚ ਲਿਆਇਆ ਹੈ" ਉਹਦਾ ਨਿਚੋੜ ਇਹ ਸੀ ਕਿ ਸਾਰੇ ਫਿਰਕੇ ਆਪੋ ਆਪਣਾ ਪ੍ਰਚਾਰ ਮੰਡਣ ਰੂਪ ਵਿੱਚ ਕਰਨ ਦੂਜੇ ਦਾ ਖੰਡਨ ਨਾ ਕੀਤਾ ਜਾਵੇ।

ਫਿਰ ਇੱਕ ਲੜੀ ਚੱਲੀ ਇਹਨਾਂ ਕਾਨਫਰੰਸਾਂ ਦੀ ਜਦੋਂ-ਜਦੋਂ ਕੌਮੀ ਅੰਦੋਲਨ ਸਿਰ ਚੁੱਕਦਾ ਸੀ ਅੰਗਰੇਜ਼ ਤੇ ਉਹਦੇ ਚਾਟੜੇ ਉਹਨੂੰ ਫੇਲ ਕਰਨ ਵਾਸਤੇ ਫਿਰਕੂ ਅੰਦੋਲਨ ਸ਼ੁਰੂ ਕਰ ਦਿੰਦੇ ਸੀ। ਉਹ ਫੁੱਟ ਪਾਉਂਦੇ ਸੀ ਪਰ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਜਿਹੜੇ ਉਹਦੀ ਚਾਲ ਨੂੰ ਸਫ਼ਲ ਨਾ ਹੋਣ ਦੇਣ ਲਈ ਏਕਤਾ ਅੰਦੋਲਨਾਂ ਦੀ ਲੜੀ ਚਲਾ ਦਿੰਦੇ ਸਨ। ਇਹ ਅੰਦੋਲਨ ਰਾਵਲਪਿੰਡੀ ਵਿੱਚ ਹੋਏ ਗੁਜਰਾਂ ਵਾਲੇ ਵਿੱਚ ਹੋਏ। ਅੰਮ੍ਰਿਤਸਰ ਵਿੱਚ ਹੋਏ। ਜਿੱਥੇ ਨਾਮਧਾਰੀ ਸਿੰਘ ਵੱਧ ਚੜ ਕੇ ਹਿੱਸਾ ਲੈਂਦੇ ਰਹੇ ਅਤੇ ਲੋਕਾਂ ਨੂੰ ਅਮਨ ਏਕਤਾ ਵਾਸਤੇ ਪ੍ਰੇਰਦੇ ਰਹੇ।

1942 ਵਿੱਚ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿੱਚ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ। ਪੰਜਾਬੀ ਭਾਸ਼ਾ ਨੂੰ ਰੇਡੀਓ ਤੋਂ ਸਰਕਾਰੀ ਦਫਤਰਾਂ ਤੇ ਉਹਦਾ ਬਣਦਾ ਥਾਂ ਦਿੱਤਾ ਜਾਏ। ਸਕੂਲਾਂ ਕਾਲਜਾਂ ਵਿੱਚ ਪੜ੍ਹਾਇਆ ਜਾਵੇ। ਜਦੋਂ ਅਜੇ ਪੰਜਾਬੀ ਦੀ ਕਿਤੇ ਵੀ ਕੋਈ ਚਰਚਾ ਨਹੀਂ ਸੀ। ਉਸ ਵੇਲੇ ਆਪ ਨੇ ਇਹ ਪੰਜਾਬੀ ਦੀ ਚਰਚਾ ਛੇੜੀ।

ਆਪ ਇਹ ਚਾਹੁੰਦੇ ਸਨ ਕਿ ਸਾਡੇ ਸਿੱਖ ਜਿਹੜੇ ਨੇ ਉਹ ਹਰ ਤਰ੍ਹਾਂ ਨਾਲ ਅੱਛੀ ਸਿਹਤ ਵਾਲੇ ਹੋਣ ਆਤਮਿਕ ਤੌਰ ਤੇ ਉਹਨਾਂ ਦਾ ਵਿਕਾਸ ਹੋਵੇ। ਚੱਕਰਵਰਤੀ ਜੀ ਲਿਖਦੇ ਸਨ ਕਿ ਸਤਿਗੁਰੂ ਜੀ ਇਹ ਕਿਹਾ ਕਰਦੇ ਸਨ। ਇਹ ਮੇਰੇ ਅਜ਼ੀਜ਼ ਸਿਰਫ ਦੁਨੀਆਂਦਾਰੀ ਦੀ ਇੱਕ ਪੈਸਾ ਕਮਾਉਣ ਵਾਲੀ ਮਸ਼ੀਨ ਬਣ ਕੇ ਨਾ ਰਹਿ ਜਾਣ। ਇਹ ਆਪਣੇ ਅਧਿਆਤਮਿਕ ਜਿੰਮੇਵਾਰੀਆਂ ਨੂੰ ਵੀ ਸਮਝਣ ਇਹਨਾਂ ਤੇ ਨਾਮ ਬਾਣੀ ਦੀ ਇਹਨਾਂ ਨੂੰ ਲਗਨ ਪੂਰੀ ਰਹਿਣੀ ਚਾਹੀਦੀ ਹੈ। ਹਰ ਨਾਮਧਾਰੀ ਬੱਚੇ ਵਿੱਚੋਂ ਸੰਗੀਤ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਇਹ ਸਤਿਗੁਰੂ ਜੀ ਨੇ ਆਪਣੀ ਨਵੀਂ ਪੀੜ੍ਹੀ ਵਾਸਤੇ ਇਹ ਸੁਪਨੇ ਸਿਰਜੇ ਸਨ ਅੰਗਰੇਜ਼ ਸਰਕਾਰ ਦੀ ਵਿਦਿਆ ਦੇ ਮੁਕਾਬਲੇ ਤੇ ਦੇਸ਼ੀ ਵਿਦਿਆ ਦੇਣ ਵਾਸਤੇ 1928-29 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿੱਚ ਨਾਮਧਾਰੀ ਵਿਦਿਆਲੇ ਦੀ ਸਥਾਪਨਾ ਕੀਤੀ। ਜਿੱਥੇ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਤੇ ਕੋਈ 75 ਦੇ ਕਰੀਬ ਸਾਰੇ ਪੰਜਾਬ ਵਿੱਚੋਂ ਆਏ। ਹੋਰ ਬੱਚੇ ਤਲੀਮ ਜਾਬਤਾ ਹੁੰਦੇ। 12 ਸਾਲ ਦੇ ਉਸ ਕੋਰਸ ਵਿੱਚ ਉਹਨਾਂ ਨੇ ਵਿੱਦਿਆ ਹਾਸਿਲ ਕੀਤੀ ਜਿੱਥੇ ਹਿੰਦੀ, ਪੰਜਾਬੀ, ਸੰਸਕ੍ਰਿਤ, ਅੰਗਰੇਜ਼ੀ, ਹਿਸਾਬ ਕਿਤਾਬ, ਇਤਿਹਾਸ, ਸਮਾਜਿਕ ਗਿਆਨ, ਗੁਰਬਾਣੀ, ਗੁਰਮਤਿ ਸੰਗੀਤ, ਇਸ ਤੋਂ ਇਲਾਵਾ ਦਸਤਕਾਰੀ ਵੀ, ਅੱਖਰ ਜੋੜਨੇ ਵੀ, ਪ੍ਰੈੱਸ ਦਾ ਕੰਮ ਵੀ ਸਿਖਾਇਆ ਅਤੇ ਉਹਨਾਂ ਤਿੰਨ ਸ਼ਗਿਰਦਾਂ ਵਿੱਚੋਂ ਸਤਿਜੁਗ ਦੇ ਤਿੰਨ ਸੰਪਾਦਕ ਬਣੇ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਤੇ ਪੰਡਤ ਰਜਿੰਦਰ ਸਿੰਘ ਜੀ। ਨਾਮਧਾਰੀ ਪੰਥ ਦੀ ਫਿਰ ਲੰਮਾ ਸਮਾਂ ਉਹਨਾਂ ਨੇ ਸੇਵਾ ਲਿਖਤੀ ਖੇਤਰ ਵਿੱਚ ਕੀਤੀ।

**ਬਾਕੀ ਸਫ਼ਾ ਨੰ 19 'ਤੇ**

# ਖੋਟੇ ਪਿੰਡ ਵਿਚ ਅਨੰਦ ਮਰਿਯਾਦਾ ਦਾ ਆਰੰਭ



**ਪ੍ਰੋ. ਕਿਰਪਾਲ ਸਿੰਘ ਕਸੇਲ**

3 ਜੂਨ 1863 ਨੂੰ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿਛੋਂ ਇਸ ਨਵੇਂ ਅਨੰਦ ਵਿਆਹ ਦਾ ਆਰੰਭ ਹੋਇਆ। ਹਵਨ ਕੁੰਡ ਤਿਆਰ ਕੀਤਾ ਗਿਆ। ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਛੇ ਜੋੜੇ ਜਿਨ੍ਹਾਂ ਦੇ ਵਿਆਹ ਇੱਥੇ ਹੋਣੇ ਸਨ, ਅੰਮ੍ਰਿਤ ਛਕ ਕੇ ਦੀਵਾਨ ਵਿਚ ਆ ਹਾਜਰ ਹੋਏ। ਇਨ੍ਹਾਂ ਦਾ ਗੰਢ ਚਿਤਰਾਵਾ ਕੀਤਾ ਗਿਆ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਲਾਵਾਂ ਦੇ ਪਾਠ ਦੇ ਨਾਲ-ਨਾਲ ਹਵਨ ਕੁੰਡ ਦੇ ਦੁਆਲੇ ਫੇਰੇ ਲਏ ਗਏ। ਚਾਰ ਲਾਵਾਂ ਦੇ ਪਾਠ ਪਿਛੋਂ ਅਨੰਦ ਸਾਹਿਬ ਪੜ੍ਹਿਆ ਗਿਆ। ਇਹ ਪਹਿਲਾ ਇਤਿਹਾਸਕ ਅਵਸਰ ਸੀ ਜਿਸ ਉੱਤੇ ਪੁਰਾਤਨ ਵੇਦ ਰੀਤੀ ਦੀ ਵਿਆਹ ਦੀ ਮਰਿਯਾਦਾ ਦਾ ਤਿਆਗ ਕਰਕੇ ਨਵੀਂ ਅਨੰਦ ਵਿਆਹ ਦੀ ਰੀਤੀ ਨੂੰ ਪ੍ਰਚਲਿਤ ਕੀਤਾ ਗਿਆ।

ਇਸ ਵਿਆਹ ਵਿਚ ਨਾ ਕੋਈ ਫਾਲਤੂ ਖਰਚ ਕੀਤਾ ਗਿਆ, ਨਾ ਦਾਜ- ਦਹੇਜ ਦੀ ਕੋਈ ਲੋੜ ਸਮਝੀ ਗਈ ਅਤੇ ਨਾ ਹੀ ਵਿਆਹ ਨਾਲ ਸੰਬੰਧਿਤ ਹੋਰ ਰੀਤੀਆਂ ਵਾਜੇ-ਗਾਜੇ, ਆਤਿਸ਼ਬਾਜ਼ੀ ਅਤੇ ਹੋਰ ਫਾਲਤੂ ਰੀਤਾਂ ਕੀਤੀਆਂ ਗਈਆਂ। ਜਿਨ੍ਹਾਂ ਜੋੜਿਆਂ ਦੇ ਇਸ ਦਿਨ ਅਨੰਦ ਵਿਆਹ ਸੰਪੂਰਨ ਹੋਏ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ :

1. ਭਾਈ ਜੋਗਾ ਸਿੰਘ ਧੂੜਕੋਟ (ਜ਼ਿਲ੍ਹਾ ਫਿਰੋਜ਼ਪੁਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ। ਮੁਠਡਿਆਂ (ਜ਼ਿਲ੍ਹਾ ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁੱਤਰ ਸ੍ਰੀ ਬੀਰ ਸਿੰਘ ਨਾਲ।

2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜ਼ਿਲ੍ਹਾ ਫਿਰੋਜਪੁਰ) ਦੀ ਪੁੱਤਰੀ ਪਿੰਡ ਠਰੀ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਵਿਆਹੀ।

3. ਭਾਈ ਬੁੱਧ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਧੁਲੇਤੇ (ਜ਼ਿਲ੍ਹਾ ਜਲੰਧਰ) ਵਿਚ ਵਿਆਹੀ।

4. ਸੰਤ ਫ਼ਤਹਿ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲ ਸਿੰਘ ਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਵਿਆਹੀ।

5. ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜ਼ਿਲ੍ਹਾ ਫਿਰੋਜ਼ਪੁਰ)।

6. ਭਾਈ ਸੁੰਦਰ ਸਿੰਘ ਦੀ ਪੁੱਤਰੀ ਪਿੰਡ ਉਬੋਕੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਵਿਆਹੀ।

ਇਸ ਨਵੀਂ ਅਨੰਦ ਵਿਆਹ ਰੀਤੀ ਦੇ ਸਥਾਪਿਤ ਹੋਣ ਨਾਲ ਵਿਆਹ ਦੇ ਸੰਸਕਾਰਾਂ ਵਿਚ ਕਈ ਨਵੇਂ ਸਾਰਥਿਕ ਪਰਿਵਰਤਨ ਹੋਂਦ ਵਿਚ ਆਏ।

1. ਇਹ ਵਿਆਹ ਬੜੇ ਸਾਦੇ ਢੰਗ ਨਾਲ ਅਤੇ ਘੱਟ ਖ਼ਰਚ ਤੇ ਸਿਰੇ ਚੜ੍ਹੇ।

2. ਇਸ ਵਿਚ ਅੰਤਰ ਜਾਤੀ ਵਿਆਹ ਦੀ ਖੁਲ੍ਹ ਦਿੱਤੀ ਗਈ।

3. ਇਸ ਵਿਚ ਸਮੂਹਿਕ ਸ਼ਾਦੀਆਂ ਕਰਨ ਦਾ ਰਿਵਾਜ਼ ਪਿਆ।

4. ਪਿਛੋਂ ਜਾ ਕੇ ਵਿਧਵਾ ਵਿਆਹ ਦੀ ਵੀ ਆਗਿਆ ਦਿੱਤੀ ਗਈ।

5. ਨਾਮਧਾਰੀ ਅਨੰਦ ਮਰਿਯਾਦਾ ਦੁਆਰਾ ਹੁਣ ਤੱਕ ਵੀ ਨਾਮਧਾਰੀ ਸਮਾਜ ਵਿਚ ਵਿਆਹ ਦੀ ਇਹੋ ਰੀਤੀ ਹੀ ਪ੍ਰਚਲਿਤ ਹੈ। 1909 ਵਿਚ ਭਾਰਤ ਸਰਕਾਰ ਵਲੋਂ ਅਨੰਦ ਵਿਆਹ ਐਕਟ ਦੀ ਪ੍ਰਵਾਨਗੀ ਲਈ ਵੀ ਇਸੇ ਵਿਆਹ ਦੀ ਰੀਤੀ ਨੂੰ ਆਧਾਰ ਬਣਾਇਆ ਗਿਆ ਸੀ।

**ਨਵੀਂ ਵਿਆਹ ਰੀਤੀ ਦਾ ਵਿਰੋਧ**

ਬ੍ਰਾਹਮਣਾਂ ਦੀ ਪ੍ਰੋਹਤ ਸ਼੍ਰੇਣੀ ਜਿਸ ਕੋਲ ਹੁਣ ਤੱਕ

ਵਿਆਹ ਕਰਵਾਉਣ ਦਾ ਏਕਾਧਿਕਾਰ ਸੀ ਅਤੇ ਜਿਸ ਨੂੰ ਇਨ੍ਹਾਂ ਵਿਆਹਾਂ ਨੂੰ ਸਿਰੇ ਚਾੜ੍ਹਨ ਲਈ ਬਹੁਤ ਸਾਰੀ ਆਮਦਨ ਵੀ ਹੁੰਦੀ ਸੀ, ਉਹ ਕਿਸੇ ਤਰ੍ਹਾਂ ਵੀ ਅਜਿਹੇ ਨਵੇਂ ਰਿਵਾਜ਼ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸ ਲਈ ਉਨ੍ਹਾਂ ਨੇ ਉਸ ਸਮੇਂ ਦੀਵਾਨ ਵਿਚ ਆ ਕੇ ਇਸ ਵਿਆਹ ਦੀ ਰੀਤੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਵਿਆਹ ਗੈਰ ਕਾਨੂੰਨੀ ਹੈ। ਤੁਸੀਂ ਇਸ ਨਵੀਂ ਰੀਤੀ ਨੂੰ ਚਾਲੂ ਕਰਕੇ ਸਾਡੇ ਰੋਜ਼ਗਾਰ ਤੇ ਸੱਟ ਮਾਰੀ ਹੈ। ਬ੍ਰਾਹਮਣ ਏਨੇ ਗੁੱਸੇ ਵਿਚ ਸਨ ਕਿ ਉਨ੍ਹਾਂ ਨੇ ਕਿਹਾ –

ਜੇ ਤੁਸੀਂ ਇਸ ਰੀਤੀ ਨੂੰ ਬੰਦ ਨਹੀਂ ਕਰੋਗੇ ਤਾਂ ਅਸੀਂ ਤੁਹਾਡੇ ਸਾਹਮਣੇ ਅੱਗ ਵਿਚ ਸੜ ਕੇ ਮਰ ਜਾਵਾਂਗੇ ਤੇ ਤੁਹਾਨੂੰ ਬ੍ਰਹਮ ਹਤਿਆ ਲੱਗੇਗੀ। ਪਰ ਨਵੇਂ ਸਮਾਜ ਸੁਧਾਰਾਂ ਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਦੇ ਇਸ ਰੋਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਜਦੋਂ ਰੌਲਾ ਰੱਪਾ ਵਧ ਗਿਆ ਤਾਂ ਸਤਿਗੁਰੂ ਜੀ ਨੇ ਕਿਹਾ "ਚੰਗਾ ਫਿਰ ਜੇ ਇਹ ਸ਼ਰਾਰਤ ਕਰਨੋਂ ਬਾਜ਼ ਨਹੀਂ ਆਉਂਦੇ ਤਾਂ ਜੋ ਬਹੁਤਾ ਸੜ-ਮਰਨ ਨੂੰ ਕਾਹਲਾ ਹੈ ਉਹ ਸਾਹਮਣੇ ਆਵੇ ਅਸੀਂ ਹੀ ਪਵਿੱਤਰ ਅਗਨੀ ਵਿਚ ਉਸ ਨੂੰ ਹੋਮ ਦਿੰਦੇ ਹਾਂ। ਜੋ ਲਗਦੈ ਪਾਪ ਲਗ ਜਾਵੇ।" ਬ੍ਰਾਹਮਣਾਂ ਦਾ ਤਾਂ ਇਹ ਡੂਮ ਡਰਾਵਾ ਹੀ ਸੀ। ਉਹ ਸ਼ਰਮਿੰਦਗੀ ਦੇ ਮਾਰੇ ਦੀਵਾਨ ਵਿਚੋਂ ਬਾਹਰ ਚਲੇ ਗਏ ਪਰ ਉਨ੍ਹਾਂ ਦਾ ਗੁੱਸਾ ਹਾਲੀਂ ਮੱਠਾ ਨਹੀਂ ਸੀ ਹੋਇਆ। ਇਸ ਨਵੀਂ ਰੀਤੀ ਨੇ ਉਨ੍ਹਾਂ ਦੇ ਰੋਜ਼ਗਾਰ ਉੱਤੇ ਸੱਟ ਮਾਰੀ ਸੀ। ਹੁਣ ਉਨ੍ਹਾਂ ਨੇ ਇਹ ਫੈਸਲਾ ਕੀਤਾ ਕਿ ਉਹ ਸਰਕਾਰੇ-ਦਰਬਾਰੇ ਜਾ ਕੇ ਫਰਿਆਦ ਕਰਨਗੇ ਅਤੇ ਸਤਿਗੁਰੂ ਰਾਮ ਸਿੰਘ ਵਿਰੁੱਧ ਸ਼ਿਕਾਇਤ ਕਰਨਗੇ।

**ਬਾਘੇ ਪੁਰਾਣੇ ਵਿਖੇ ਰਿਪੋਰਟ ਦਰਜ ਕਰਵਾਉਣੀ**

ਹੋਰ ਚਾਰਾ ਚਲਦਾ ਨਾ ਵੇਖ ਕੇ ਬ੍ਰਾਹਮਣਾਂ ਨੇ ਮਿਲ ਕੇ ਚੌਕੀਦਾਰ ਨੂੰ ਨਾਲ ਲਿਆ ਅਤੇ ਬਾਘੇ ਪੁਰਾਣੇ ਦੇ ਥਾਣੇ ਜਾ ਕੇ ਰਿਪੋਰਟ ਦਰਜ ਕਰਵਾਈ ਕਿ ਗੁਰੂ ਰਾਮ ਸਿੰਘ ਖੋਟੇ ਪਿੰਡ ਦੇ ਦੀਵਾਨ ਵਿਚ ਸਰਕਾਰ ਵਿਰੁੱਧ ਪ੍ਰਚਾਰ ਵੀ ਕਰਦਾ ਰਿਹਾ ਹੈ ਅਤੇ ਕਹਿੰਦਾ ਹੈ ਕਿ ਫ਼ਰੰਗੀ ਦਾ ਰਾਜ ਨਹੀਂ ਰਹਿਣਾ। ਜਦੋਂ ਖਾਲਸੇ ਦਾ ਰਾਜ ਹੋਵੇਗਾ ਤਾਂ ਜਿਨਸ ਦਾ ਪੰਜਵਾਂ ਹਿੱਸਾ ਮਾਲੀਏ ਵਜੋਂ ਲਿਆ ਜਾਵੇਗਾ। ਇਸ ਦੇ ਨਾਲ ਇਹ ਵੀ ਕਿਹਾ ਕਿ ਵਿਆਹ ਦੀ ਨਵੀਂ ਰੀਤੀ ਦੇ ਚਾਲੂ ਹੋਣ ਨਾਲ ਸਾਡੀ ਆਮਦਨ ਤੇ ਸੱਟ ਵੱਜੀ ਹੈ। ਹੌਲਦਾਰ ਨੂੰ ਖੋਟੇ ਭੇਜ ਕੇ ਰਿਪੋਰਟ ਮੰਗਵਾਈ ਗਈ। ਨੰਬਰਦਾਰਾਂ ਨੇ ਵੀ ਗੱਲ ਵਧਾ ਚੜ੍ਹਾ ਕੇ ਕਹੀ।

ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘੇ ਪੁਰਾਣੇ ਦੇ ਥਾਣੇ ਸੱਦਿਆ ਗਿਆ। ਬ੍ਰਾਹਮਣਾਂ ਨੂੰ ਕਿਹਾ ਗਿਆ ਜੋ ਨੁਕਸਾਨ ਤੁਹਾਡਾ ਇਸ ਵਿਆਹ ਦੀ ਰੀਤੀ ਨਾਲ ਹੋਇਆ, ਵਹੀ ਲਿਆ ਕੇ ਦੱਸੋ ਤਾਂ ਜੋ ਉਸ ਦੀ ਭਰਪਾਈ ਕੀਤੀ ਜਾਵੇ। ਬ੍ਰਾਹਮਣਾਂ ਨੇ ਕਿਹਾ – ਵਹੀ ਤਾਂ ਅਸੀਂ ਨਹੀਂ ਰੱਖੀ ਹੋਈ, ਸਾਨੂੰ ਤਾਂ ਜੋ ਰਕਮ ਵਿਆਹ ਦੇ ਸਮੇਂ ਪ੍ਰਾਪਤ ਹੁੰਦੀ ਹੈ, ਉਹ ਪੁੰਨ ਦੇ ਖਾਤੇ ਵਿਚ ਮਿਲਦੀ ਹੈ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਸਰਕਾਰ ਪੁੰਨ ਦਾ ਕੋਈ ਮੁਆਵਜਾ ਨਹੀਂ ਦਿੰਦੀ। ਵਿਆਹ ਲੋਕਾਂ ਦੀ ਮਰਜੀ ਅਨੁਸਾਰ ਜਿਵੇਂ ਉਹ ਚਾਹੁਣ ਹੋ ਸਕਦਾ ਹੈ।

ਕਾਫੀ ਚਿਰ ਤੋਂ ਆਈ. ਜੀ. ਪੁਲਿਸ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਨਾਮਧਾਰੀ ਮਤ ਦੇ ਇਕੱਠਾਂ ਉੱਤੇ ਨਿਗਰਾਨੀ ਰੱਖੀ ਜਾਵੇ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ ਰਿਪੋਰਟਾਂ ਪੰਜਾਬ ਸਰਕਾਰ ਨੂੰ ਭੇਜੀਆਂ ਜਾਣ।

ਫਿਰੋਜ਼ਪੁਰ ਦੇ ਲੈਫਟੀਨੈਂਟ ਹੈਮਿਲਟਨ ਡਿਪਟੀ ਸੁਪਰਡੈਂਟ ਪੁਲਿਸ ਨੇ ਪੰਜਾਬ ਸਰਕਾਰ ਨੂੰ 7 ਜੂਨ 1863 ਨੂੰ ਇਹ ਰਿਪੋਰਟ ਭੇਜੀ:

4 ਜੂਨ ਨੂੰ ਪਿੰਡ ਖੋਟੇ ਦੇ ਚੌਕੀਦਾਰ ਨੇ ਇਤਲਾਹ ਦਿੱਤੀ ਹੈ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਰਾਮ ਸਿੰਘ ਤੇ ਉਸਦੇ 500 ਚੇਲੇ ਖੋਟੇ ਪਿੰਡ ਵਿਚ ਇਕੱਤਰਤਾ ਕਰ ਰਹੇ ਹਨ ਅਤੇ ਬਾਗੀਆਨਾ ਲਹਿਜੇ ਵਿਚ ਗੱਲਾਂ ਕਰ ਰਹੇ ਹਨ ਕਿ ਛੇਤੀ ਹੀ ਉਨ੍ਹਾਂ ਦਾ ਰਾਜ ਹੋ ਜਾਵੇਗਾ ਅਤੇ ਉਹ ਜਿਨਸ ਦਾ 5ਵਾਂ ਹਿੱਸਾ ਹੀ ਮਾਲੀਏ ਵਜੋਂ ਉਗਰਾਹੀ ਕਰਨਗੇ। ਬਾਘਾ ਪੁਰਾਣਾ ਦੇ ਪੁਲਿਸ ਸਾਰਜੰਟ ਨੂੰ ਪੜਤਾਲ ਲਈ ਭੇਜਿਆ ਗਿਆ ਅਤੇ ਉਸਨੇ ਚੌਕੀਦਾਰ ਦੀ ਗੱਲ ਸਹੀ ਦੱਸੀ। ਉਨ੍ਹਾਂ ਦੇ ਜਾਣ ਸਮੇਂ ਇਕਤੱਰਤਾ ਸਮਾਪਤ ਹੋ ਗਈ ਸੀ ਤੇ ਚੌਂਕੀਦਾਰ ਨੇ ਜੋ ਇਤਲਾਹ ਦਿੱਤੀ ਸੀ ਉਹ ਠੀਕ ਸੀ। ਗੁਰੂ ਰਾਮ ਸਿੰਘ ਨੂੰ ਬੁਲਾਇਆ ਗਿਆ ਅਤੇ ਦੀਵਾਨ ਕਰਨ ਦੀ ਮਨਾਹੀ ਕਰ ਦਿੱਤੀ ਗਈ। ਉਸ ਨੂੰ ਪੁਲਿਸ ਦੀ ਨਿਗਰਾਨੀ ਵਿਚ ਭੈਣੀ ਸਾਹਿਬ ਭੇਜ ਕੇ ਉਸ ਉਤੇ ਪਾਬੰਦੀ ਲਾ ਦਿੱਤੀ ਗਈ ਹੈ ਕਿ

ਉਹ ਪਿੰਡ ਦੀ ਹੱਦ ਤੋਂ ਬਾਹਰ ਨਹੀਂ ਜਾਵੇਗਾ।"

ਉਸ ਸਮੇਂ ਸਰਕਾਰ ਕੋਲ ਕੋਈ ਠੋਸ ਪ੍ਰਮਾਣ ਮੌਜੂਦ ਨਹੀਂ ਸਨ, ਜਿਨ੍ਹਾਂ ਦੇ ਆਧਾਰ ਉੱਤੇ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਗਿਰਫਤਾਰ ਕਰ ਸਕਦੇ। ਇਸ ਕਾਰਨ ਫ਼ਿਰੋਜਪੁਰ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਪੁਲਿਸ ਦੀ ਨਿਗਰਾਨੀ ਵਿਚ ਭੈਣੀ ਸਾਹਿਬ ਭੇਜ ਕੇ ਉਨ੍ਹਾਂ ਨੂੰ ਹਦੂਦ ਬੰਦ ਕਰ ਦਿੱਤਾ ਗਿਆ।

**ਭੈਣੀ ਸਾਹਿਬ ਵਿਖੇ ਹਦੂਦਬੰਦੀ (1863 ਤੋਂ 1867)**

ਨਾਮਧਾਰੀ ਮੱਤ ਦੇ ਇਤਿਹਾਸ ਵਿਚ 1863 ਤੋਂ 1867 ਦੇ ਚਾਰ ਸਾਲ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਮੱਤ ਦੀਆਂ ਧਾਰਮਿਕ, ਸਮਾਜਕ ਤੇ ਸੁਧਾਰ ਦੀਆਂ ਕਾਰਵਾਈਆਂ ਨੂੰ ਘੋਖਵੀਂ ਦ੍ਰਿਸ਼ਟੀ ਤੋਂ ਵੇਖਣਾ ਆਰੰਭ ਕਰ ਦਿੱਤਾ ਸੀ। ਹੁਣ ਤੱਕ ਪੰਜਾਬ ਸਰਕਾਰ ਭਾਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਤੇ ਸਮਾਜਕ ਕਾਰਜਾਂ ਨੂੰ ਖ਼ਤਰਨਾਕ ਨਹੀਂ ਸੀ ਸਮਝਦੀ ਪਰ ਜਿਹੜੀਆਂ ਰਿਪੋਰਟਾਂ ਪੰਜਾਬ ਸਰਕਾਰ ਨੂੰ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਵਲੋਂ ਪੁੱਜ ਰਹੀਆਂ ਸਨ, ਉਨ੍ਹਾਂ ਨੂੰ ਮੁੱਖ ਰੱਖ ਕੇ ਸਰਕਾਰ ਵਲੋਂ ਇਸ ਧਾਰਮਿਕ ਲਹਿਰ ਉੱਤੇ ਇਸ ਦੀਆਂ ਅੰਤਰੀਵ ਕਾਰਵਾਈਆਂ ਵਿਚ ਦਖਲ ਦੇਣ ਤੋਂ ਬਿਨਾਂ ਇਨ੍ਹਾਂ ਉਪਰ ਕਰੜੀ ਨਿਗਰਾਨੀ ਰੱਖਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ।

ਸਰਕਾਰ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਇਹ ਧਾਰਮਿਕ ਲਹਿਰ ਰਾਜਨੀਤਕ ਰੂਪ ਧਾਰਨ ਕਰਕੇ ਵਿਦਰੋਹ ਭਾਵੀ ਰੂਪ ਨਾ ਧਾਰਨ ਕਰ ਜਾਵੇ ਕਿਉਂਕਿ ਪੰਜਾਬ ਵਿਚ ਖਾਲਸਾ ਰਾਜ ਦੀ ਸੁਤੰਤਰਤਾ ਦੀ ਯਾਦ ਹਾਲੀਂ ਭੁੱਲੀ ਨਹੀਂ ਸੀ। ਇਸ ਲਈ ਜਦੋਂ ਸਰਕਾਰ ਨੇ ਇਹ ਜਾਣ ਲਿਆ ਕਿ ਇਹ ਧਾਰਮਿਕ ਲਹਿਰ ਦਿਨੋਂ ਦਿਨ ਵੱਧ ਰਹੀ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਨਾਮਧਾਰੀ ਸੱਜ ਰਹੇ ਹਨ ਤਾਂ ਇਸ ਸ਼ੱਕ ਦੀ ਸੰਭਾਵਨਾ ਹੋਰ ਵੀ ਪੱਕੀ ਹੁੰਦੀ ਜਾ ਰਹੀ ਸੀ। ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਨਿਕਟਵਰਤੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਇਤਿਹਾਸਕ ਸ਼ਾਨ ਨੂੰ ਵੀ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਜਿਸ ਪ੍ਰਕਾਰ ਪੰਜਾਬ ਵਿਚੋਂ ਖ਼ਾਲਸਾ ਰਾਜ ਦਾ ਪਤਨ ਹੋਇਆ ਅਤੇ ਜਿਸ ਅਨੈਤਿਕ ਢੰਗ ਨਾਲ ਲਾਰਡ ਡਲਹੌਜੀ ਨੇ ਮਹਾਰਾਜਾ ਦਲੀਪ ਸਿੰਘ ਨੂੰ ਰਾਜ ਗੱਦੀ ਤੋਂ ਅਪਦਸਤ ਕੀਤਾ, ਇਹ ਹਾਲੀਂ ਕੱਲ੍ਹ ਦੀਆਂ ਗੱਲਾਂ ਸਨ। ਇਸ ਲਈ ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਰੋਸ ਦੀ ਚੰਗਿਆੜੀ ਹਾਲੀ ਬੁੱਝੀ ਨਹੀਂ ਸੀ ਸਗੋਂ ਅੰਦਰੋਂ ਅੰਦਰੀਂ ਮੱਘ ਰਹੀ ਸੀ।

ਅੰਗਰੇਜ਼ ਸਰਕਾਰ ਦੇ ਚੌਕੰਨਾ ਹੋ ਜਾਣ ਨਾਲ ਸਤਿਗੁਰੂ ਰਾਮ ਸਿੰਘ ਜੀ ਵੀ ਇਨ੍ਹਾਂ ਪਾਬੰਦੀਆਂ ਦੇ ਦੌਰ ਵਿਚ ਨਾਮਧਾਰੀ ਮੱਤ ਦੇ ਪਾਸਾਰੇ ਲਈ ਕਈ ਨਵੀਆਂ ਯੁਗਤਾਂ ਸੋਚ ਰਹੇ ਸਨ ਅਤੇ ਕਈ ਨਵੀਆਂ ਵਿਉਂਤਾਂ ਬਣਾ ਰਹੇ ਸਨ। ਸਤਿਗੁਰੂ ਜੀ ਦੇ ਬਾਹਰ ਪਿੰਡਾਂ ਦੇ ਦੌਰੇ ਮਨਸੂਖ ਕਰ ਦਿੱਤੇ ਗਏ ਸਨ ਪਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ। ਨਾਮ ਅਤੇ ਅੰਮ੍ਰਿਤ ਦੀ ਦਾਤ ਲੈ ਕੇ ਨਾਮਧਾਰੀ ਸਿੰਘ ਸੱਜ ਜਾਂਦੇ। ਇਸ ਕਾਰਨ ਜਿੱਥੇ ਸਰਕਾਰ ਵਧੇਰੇ ਸੁਚੇਤ ਹੋ ਰਹੀ ਸੀ, ਉੱਥੇ ਦੂਜੇ ਬੰਨ੍ਹੇ ਸਤਿਗੁਰੂ ਜੀ ਵੀ ਅਵੇਸਲੇ ਨਹੀਂ ਸਨ ਬੈਠੇ ਅਤੇ ਉਨ੍ਹਾਂ ਨੇ ਇਸ ਸਰਕਾਰੀ ਪਾਬੰਦੀਆਂ ਦੇ ਦੌਰ ਵਿਚ ਨਾਮਧਾਰੀ ਮਤ ਦੇ ਪਾਸਾਰ ਲਈ ਕੁਝ ਵਿਸ਼ੇਸ਼ ਢੰਗ, ਤਰੀਕੇ ਅਪਨਾ ਲਏ।

ਇਨ੍ਹਾਂ ਚਾਰ ਸਾਲਾਂ ਦੇ ਸਮਾਚਾਰਾਂ ਦਾ ਹੋਰ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਨਾਮਧਾਰੀ ਮਤ ਬਾਰੇ ਉਸ ਸਮੇਂ ਸਰਕਾਰ ਵਲੋਂ ਅਪਨਾਈ ਗਈ ਨੀਤੀ ਦਾ ਵਿਸ਼ਲੇਸ਼ਣ ਕੀਤਾ ਜਾਵੇ।

**ਪੰਜਾਬ ਸਰਕਾਰ ਦੇ ਸਕੱਤਰ ਦੀ ਰਿਪੋਰਟ ਅਪਰੈਲ 1863**

ਪੰਜਾਬ ਸਰਕਾਰ ਦੇ ਸਕੱਤਰ ਮਿਸਟਰ ਟੀ. ਡੀ. ਫੋਰਸਾਈਥ ਨੇ ਜਿਹੜਾ ਸਰਕਾਰੀ ਨੋਟ ਵੱਖ ਵੱਖ ਜ਼ਿਲ੍ਹਿਆਂ ਤੋਂ ਆਈਆਂ ਰਿਪੋਰਟਾਂ ਨੂੰ ਮੁੱਖ ਰੱਖ ਕੇ ਲਿਖਿਆ ਉਸ ਤੋਂ ਨਾਮਧਾਰੀ ਮੱਤ ਬਾਰੇ ਸਰਕਾਰੀ ਨੀਤੀ ਦਾ ਸਪਸ਼ਟ ਬੋਧ ਹੋ ਜਾਂਦਾ ਹੈ। ਜਿਸ ਦਾ ਸਾਰ ਇੱਥੇ ਦਿੱਤਾ ਜਾਂਦਾ ਹੈ :

ਪਿਛਲੇ ਤਿੰਨ ਮਹੀਨਿਆਂ ਤੋਂ ਪੁੱਜੀਆਂ ਰਿਪੋਰਟਾਂ ਦੇ ਆਧਾਰ ਤੋਂ ਪਤਾ ਲੱਗਦਾ ਹੈ ਕਿ ਇਸ ਫਿਰਕੇ ਦੀਆਂ ਕਾਰਵਾਈਆਂ ਉੱਤੇ ਪੂਰੀ ਪੂਰੀ ਨਿਗਰਾਨੀ ਰੱਖੀ ਗਈ ਹੈ। ਇਨ੍ਹਾਂ ਰਿਪੋਰਟਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗੁਰੂ

ਰਾਮ ਸਿੰਘ ਦੇ ਧਾਰਮਿਕ ਪ੍ਰਚਾਰ ਦੇ ਬਹੁਤ ਸਾਰੇ ਅੰਸ਼ ਲੋਕ ਭਲਾਈ ਵਾਲੇ ਹਨ। ਆਪ ਦੇ ਪੈਰੋਕਾਰਾਂ ਦੀ ਗਿਣਤੀ ਜੋ ਵਧੇਰੇ ਕਰਕੇ ਛੋਟੀਆਂ ਜਾਤਾਂ ਵਿਚੋਂ ਹਨ, ਦਿਨੋ ਦਿਨ ਵਧ ਰਹੀ ਹੈ ਗੁਰੂ ਰਾਮ ਸਿੰਘ ਦਾ ਇਹ ਕਹਿਣਾ ਹੈ ਕਿ ਉਹ 'ਇਸ ਧਰਤੀ ਦਾ ਰਾਜ ਨਹੀਂ ਚਾਹੁੰਦੇ। ਇਸ ਲਈ ਉਨ੍ਹਾਂ ਦੀਆਂ ਕਾਰਵਾਈਆਂ ਸਰਕਾਰ ਵਿਰੋਧੀ ਨਹੀਂ ਹਨ। ਪਰ ਇਸ ਲਹਿਰ ਵਿਚ ਕਈ ਅਜਿਹੇ ਵਿਅਕਤੀ ਵੀ ਮੌਜੂਦ ਹਨ ਜੋ ਗੁਰੂ ਰਾਮ ਸਿੰਘ ਵਲੋਂ ਰਾਜ ਅਧਿਕਾਰ ਨੂੰ ਪ੍ਰਾਪਤ ਕਰਨ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਰਾਮ ਸਿੰਘ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦੇਵੇਗਾ। ਅਜਿਹੇ ਪ੍ਰਚਾਰ ਨਾਲ ਲੋਕ ਮਨਾਂ ਵਿਚ ਨਵੇਂ ਵਿਚਾਰ ਉਤਪੰਨ ਹੋ ਰਹੇ ਹਨ। ਜਿਨ੍ਹਾਂ ਕਾਰਨ ਸਨਾਤਨੀ ਵਿਚਾਰਾਂ ਵਾਲੇ ਸਿੱਖਾਂ ਨਾਲ ਇਨ੍ਹਾਂ ਦੇ ਵਿਚਾਰ ਮੇਲ ਨਹੀਂ ਖਾਂਦੇ ਅਤੇ ਇਨ੍ਹਾਂ ਦੋਹਾਂ ਧਿਰਾਂ ਵਿਚ ਟਕਰਾ ਵੀ ਹੋਇਆ ਹੈ।

ਇਹ ਸਮਾਚਾਰ ਵੀ ਮਿਲੇ ਹਨ ਕਿ ਦੀਵਾਲੀ ਦੇ ਮੌਕੇ ਤੇ ਨਾਮਧਾਰੀ ਅੰਮ੍ਰਿਤਸਰ ਵਿਚ ਵੱਡਾ ਦੀਵਾਨ ਕਰਨ ਵਾਲੇ ਹਨ। ਅਜਿਹੇ ਦੀਵਾਨਾਂ ਵਿਚ ਆਰੰਭ ਵਿਚ ਭਾਵੇਂ ਧਾਰਮਿਕ ਵਿਚਾਰ ਹੀ ਹੁੰਦੇ ਹਨ ਪਰ ਕਈ ਵਾਰ ਅੰਤ ਵਿਚ ਉਹ ਬਾਗੀਆਂ ਵਾਲਾ ਲਹਿਜਾ ਵੀ ਧਾਰਨ ਕਰ ਲੈਂਦੇ ਹਨ, ਜਿਸ ਕਾਰਨ ਉਹ ਕਾਨੂੰਨ ਦੀ ਧਾਰਾ 141 ਅਧੀਨ ਗ਼ੈਰ ਕਾਨੂੰਨੀ ਸਮਝੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਵਾਜਬੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਭਾਵੇਂ ਸਰਕਾਰ ਦਾ ਮਨੋਰਥ ਇਸ ਸਮੇਂ ਕਿਸੇ ਧਾਰਮਿਕ ਫ਼ਿਰਕੇ ਦੇ ਕਾਰਜਾਂ ਵਿਚ ਕੋਈ ਦਖਲ ਦੇਣਾ ਨਹੀਂ ਹੈ। ਫਿਰ ਵੀ ਇਸ ਬਾਰੇ ਚੌਕਸ ਰਹਿਣਾ ਬੜਾ ਜ਼ਰੂਰੀ ਹੈ। ਅਜਿਹੀਆਂ ਕਾਰਵਾਈਆਂ ਬਾਗੀਆਨਾ ਰੂਪ ਨਾ ਧਾਰਨ ਕਰ ਜਾਣ।

ਇਸ ਸਬੰਧੀ ਗੁਰੂ ਰਾਮ ਸਿੰਘ ਨੂੰ ਦੀਵਾਨ ਨਾ ਲਾਉਣ ਬਾਰੇ ਖ਼ਬਰਦਾਰ ਕਰ ਦਿੱਤਾ ਜਾਵੇ ਅਤੇ ਜੇਕਰ ਫਿਰ ਵੀ ਉਨ੍ਹਾਂ ਵਲੋਂ ਕੋਈ ਧਾਰਮਿਕ ਦੀਵਾਨ ਜਾਂ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਉੱਤੇ ਅਮਨ ਭੰਗ ਕਰਨ ਅਤੇ ਸਰਕਾਰ ਦੇ ਵਿਰੁੱਧ ਬਗਾਵਤ ਕਰਨ ਦੇ ਜੁਰਮਾਂ ਵਿਚ ਮੁਕਦਮੇ ਚਲਾਏ ਜਾਣ ਪੁਲਿਸ ਵਿਭਾਗ ਉਸ ਦੀਆਂ ਕਾਰਵਾਈਆਂ ਉੱਤੇ ਨਜ਼ਰ ਰੱਖੇ ਅਤੇ ਇਸ ਸਬੰਧੀ ਸਿੱਧੀਆਂ ਰਿਪੋਰਟਾਂ ਪੰਜਾਬ ਸਰਕਾਰ ਨੂੰ ਭੇਜੇ। ”

.................................................

## ਸਤਿਗੁਰੂ ਪ੍ਰਤਾਪ ਸਿੰਘ ਜੀ....

ਪਹਿਲਾਂ ਸਾਡੇ ਕੋਲ ਨਿਧਾਨ ਸਿੰਘ ਜੀ ਆਲਮ ਤੇ ਇੰਦਰ ਸਿੰਘ ਜੀ ਚੱਕਰਵਰਤੀ ਸਨ। ਸਤਿਜੁਗ ਦੇ ਖੇਤਰ 'ਚ ਵੱਡੇ ਨਾਮ ਇਹਨਾਂ ਤੋਂ ਬਾਅਦ ਫਿਰ ਮਾਸਟਰ ਨਿਹਾਲ ਸਿੰਘ ਜੀ ਆ ਜਾਂਦੇ ਨੇ ਫਿਰ ਮੰਗਲ ਸਿੰਘ ਜੀ ਲਾਇਲਪੁਰੀ ਆਉਂਦੇ ਨੇ ਅਤੇ ਫਿਰ ਪ੍ਰੀਤਮ ਸਿੰਘ ਜੀ ਕਵੀ, ਲੰਮਾ ਸਮਾਂ ਇਹ ਸੇਵਾ ਨਿਭਾਉਂਦੇ ਨੇ। ਸੋ ਸਤਿਗੁਰੂ ਜੀ ਨੇ ਆਪਣੇ ਸਮੇਂ ’ਚ ਸਮੂਹ ਪੰਜਾਬੀ ਦੇ ਜਿਹੜੇ ਕਵੀ ਸਨ, ਲਿਖਾਰੀ ਸਨ, ਵਿਦਵਾਨ ਸਨ, ਭਾਵੇਂ ਉਹ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਹਨ ਭਾਵੇਂ ਉਹ ਪ੍ਰਿੰਸੀਪਲ ਗੰਗਾ ਸਿੰਘ ਜੀ ਹਨ। ਉਹਨਾਂ ਸਾਰਿਆਂ ਦੇ ਨਾਲ ਬੜੇ ਨੇੜਲੇ ਸਬੰਧ ਕਾਇਮ ਕੀਤੇ। ਅੱਜ ਸਤਿਗੁਰੂ ਜੀ ਨੂੰ ਯਾਦ ਕਰਦਿਆਂ ਅਸੀਂ ਉਹਨਾਂ ਪ੍ਰਤੀ ਨਤਮਸਤਕ ਹੁੰਦੇ ਹਾਂ ਕਿ ਉਹਨਾਂ ਦੇ ਉਲੀਕੇ ਸੁਪਨਿਆਂ ਦੇ ਮੁਤਾਬਕ ਨਾਮਧਾਰੀ ਪੰਥ ਅੱਜ ਦੁਨੀਆਂ ਭਰ ਵਿੱਚ ਆਪਣੀ ਇਕ ਵਿਲੱਖਣ ਪਹਿਚਾਣ ਬਣਾ ਕੇ ਵਿਸ਼ਵ ਸ਼ਾਂਤੀ ਤੇ ਹੋਰ ਇਹਨਾਂ ਸਾਰੀਆਂ ਸਰਗਰਮੀਆਂ ਵਾਸਤੇ ਲਗਾਤਾਰ ਯਤਨਸੀਲ ਰਹਿੰਦਾ ਹੈ।

.................................................


## ਘੱਟ ਗਿਣਤੀ ਨਹੀਂ

**ਡਾ. ਸੁਰਜੀਤ ਪਾਤਰ**

ਘੱਟ ਗਿਣਤੀ ਨਹੀਂ
ਮੈਂ ਦੁਨੀਆਂ ਦੀ
ਸਭ ਤੋਂ ਵੱਡੀ ਬਹੁ-ਗਿਣਤੀ ਨਾਲ
ਸਬੰਧ ਰੱਖਦਾ ਹਾਂ
ਬਹੁ ਗਿਣਤੀ
ਜੋ ਉਦਾਸ ਹੈ
ਖਾਮੋਸ਼ ਹੈ
ਏਨੇ ਚਸ਼ਮਿਆਂ ਦੇ ਬਾਵਜੂਦ ਪਿਆਸੀ ਹੈ।
ਏਨੇ ਚਾਨਣਾਂ ਦੇ ਬਾਵਜੂਦ ਹਨੇਰੇ ਵਿਚ ਹੈ।

.................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਸਤਿਗੁਰੂ ਜੀ; ਮੈਂ ਇਸ ਹੋਲੇ ਤੇ ਤੁਹਾਡੇ ਹੋਲੇ ਦਾ ਐਲਾਨ ਨਹੀਂ ਕਰਨਾ ਤੁਸੀਂ ਪਿੰਡ ਜਾਕੇ ਯਤਨ ਕਰੋ । ਜਦੋਂ 60 ਜਾਣੇ ਗਲ ਵਿੱਚ ਪੱਲਾ ਪਾ ਕੇ ਕਿਸੇ ਦੇ ਘਰ ਜਾਉਗੇ ਉਹ ਆਪਣੇ ਆਪ ਠੀਕ ਹੋ ਜਾਣਗੇ। ਪ੍ਰੇਮ ਪਿਆਰ ਤੇ ਅਰਜ ਕਰਨ ਨਾਲ ਬਹੁਤ ਵਿਗੜੀਆਂ ਗੱਲਾਂ ਠੀਕ ਹੋ ਜਾਂਦੀਆਂ ਹਨ। ਅੰਤ ਨੂੰ ਇਸ ਗੱਲ ਤੇ ਫੈਸਲਾ ਹੋਇਆ ਕਿ ਇਹ ਸਿੰਘ ਪਿੰਡ ਦਾ ਵਾਤਾਵਰਨ ਸੁਧਾਰਨ , ਭਜਨ ਬਾਣੀ ਕਰਨ ਤੇ ਦੂਜਿਆਂ ਤੋਂ ਕਰਵਾਉਣ। 12- 13 ਅਪਰੈਲ ਨੂੰ ਜੀਵਨ ਨਗਰ ਵੈਸਾਖੀ ਦੇ ਮੇਲੇ ਤੇ ਐਲਾਨ ਕਰਾਂਗੇ ਜੇ ਗੱਲ ਠੀਕ ਲੱਗੀ। ਸ੍ਰੀ ਸਤਿਗੁਰੂ ਜੀ ਤੇ ਸਾਧ ਸੰਗਤ ਇਸ ਫੈਸਲੇ ਨਾਲ ਉੱਠੇ। ਰਾਤ ਨੂੰ ਮਾ: ਨਿਹਾਲ ਸਿੰਘ ਜੀ ਦੀ ਪ੍ਰਧਾਨਗੀ ਹੇਠ 7.20 ਤੇ ਕਵੀ ਦਰਬਾਰ ਸ਼ੁਰੂ ਹੋਇਆ। ਸ. ਵਰਿਆਮ ਸਿੰਘ ਮੰਚ ਸਕੱਤਰ ਸੀ। 22 ਕਵੀਆਂ ਨੇ ਸਮੂਲੀਅਤ ਕੀਤੀ। ਕਵੀਆਂ ਨੂੰ ਸਾਧ ਸੰਗਤ ਵਲੋਂ ਆਮ ਪੈਸੇ ਨਹੀਂ ਮਿਲੇ ,25 ਤੋ 125 ਰੁਪਏ ਪ੍ਰਾਪਤ ਹੋਏ। ਇੰਨ੍ਹਾਂ ਵਿੱਚ ਨਾਮਧਾਰੀ ਸਭਾ ਦੇ ਕਵੀ ਅਤੇ 5-6 ਪ੍ਰੋਫੈਸ਼ਨਲ ਕਵੀ ਵੀ ਸ਼ਾਮਲ ਸਨ। ਨਾਮਧਾਰੀ ਸਾਹਿਤ ਸਭਾ ਵਾਲਿਆ ਲਈ ਹੋਲਾ ਇਸ ਲਈ ਮਹਾਨ ਹੋ ਗਿਆ 'ਸਮੱਸਿਆ ਤੇ ਰਚਨਾਵਾਂ ਪੇਸ਼ ਕੀਤੀਆ। ਦੂਜਿਆਂ ਨੇ ਨਾਮਧਾਰੀ ਪੰਥ ਅਤੇ ਸਤਿਗੁਰੂ ਜੀ ਉੱਤੇ ਰਚਨਾਵਾਂ ਪੇਸ਼ ਕੀਤੀਆਂ। ਵਲਾਇਤ ਵਿੱਚੋਂ ਆਏ ਸ. ਹਰਜਿੰਦਰ ਸਿੰਘ, ਸੰਤ ਨਿਰੰਜਨ ਸਿੰਘ ਗਹੀਰ ਅਤੇ ਸ. ਗੁਰਮੁਖ ਸਿੰਘ ਸਾਊਥਹਾਲ ਨੇ ਹਰ ਕਵੀ ਨੂੰ 5-5 ਰੁਪੈ ਦਾ ਹੌਂਸਲਾ ਦਿੱਤਾ। ਹੋਲੇ ਵਾਲਿਆਂ ਵਲੋਂ ਕੇਵਲ ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਮਸਤਾਨਾ ਦਰਸ਼ਨ ਸਿੰਘ 10-10 ਅਤੇ 1-1 ਰੁਪਏ ਨਾਲ ਮਾਣ ਦਿੰਦੇ ਰਹੇ। ਹੇਠ ਲਿਖੇ ਕਵੀਆਂ ਨੇ ਦਰਬਾਰ ਵਿੱਚ ਵਿੱਚ ਭਾਗ ਲਿਆ;

ਸੰਤ ਸਵਿੰਦਰ ਸਿੰਘ ਯਮਨਾ ਨਗਰ, ਸੰਤ ਜੋਗਿੰਦਰ ਸਿੰਘ ਕੰਗ, ਮਾ. ਹਰਸਾ ਸਿੰਘ ਬਾਠ, ਡਾ. ਬਲਵੰਤ ਸਿੰਘ ਦਿੱਲੀ, ਸ. ਕਰਤਾਰ ਸਿੰਘ ਪੰਛੀ ਮਲੇਰਕੋਟਲਾ ਪ੍ਰਧਾਨ, ਸੰਤ ਜੋਗਿੰਦਰ ਸਿੰਘ ਮੁਕਤਾ ਸੰਤ ਨਗਰ, ਸੰਤ ਕੇਹਰ ਸਿੰਘ ਹਮਰਾਹੀ ਮੁਹਾਲੀ, ਸ. ਪ੍ਰੀਤਮ ਸਿੰਘ ਪੰਛੀ ਦਿੱਲੀ, ਸ੍ਰੀ ਜੀਵਨ ਪ੍ਰਕਾਸ਼ ਜੀਵਨ, ਸ. ਵਿਧਾਤਾ ਸਿੰਘ ਕਮਾਲ, ਸੰਤ ਸਾਧੂ ਸਿੰਘ ਕਿਸਾਨ, ਸੰਤ ਗੁਰਬਖਸ਼ ਸਿੰਘ ਰਾਮਪੁਰੀ, ਸ੍ਰੀ ਸੁਰਜੀਤ ਰਾਮਪੁਰੀ, ਸ੍ਰੀ ਫਕੀਰ ਚੰਦ, ਬਲਬੀਰ ਸਿੰਘ ਢਿਲੋਂ, ਰਾਣੀਆਂ, ਸ. ਅਮਰੀਕ ਸਿੰਘ ਅੰਮ੍ਰਿਤਸਰ ਕਲਾਂ, ਸ. ਤਾਰਾ ਸਿੰਘ ਅਨਜਾਣ ਦਿੱਲੀ, ਸ. ਰਣਧੀਰ ਸਿੰਘ, ਸ. ਹਰਪਾਲ ਸਿੰਘ ਸ਼੍ਰੀ ਭੈਣੀ ਸਾਹਿਬ, ਸ. ਪਿਆਰਾ ਸਿੰਘ, ਸ. ਜੋਗਿੰਦਰਪਾਲ ਸੇਵਕ, ਸ. ਸੰਤੋਖ ਸਿੰਘ ਸਫਰੀ।

**18 ਮਾਰਚ, 1987 ਬੁੱਧਵਾਰ**

**ਸ੍ਰੀ ਭੈਣੀ ਸਾਹਿਬ**

**ਸਥਾਨ ਸਿਮ੍ਰਤੀ ਮੰਦਰ ਆਸਾ ਦੀ ਵਾਰ ਦਾ ਕੀਰਤਨ। ਸਤਿਗੁਰੂ ਜੀ ਦੇ ਪਰਮ ਪਾਵਨ ਦਰਸ਼ਨ।** ਨਮਸਕਾਰ ਕਰਨ ਵਾਲਿਆਂ ਦੀਆਂ ਦੀਵਾਨ ਸਮਾਪਤੀ ਤੱਕ ਅਨਟੁਟ ਕਤਾਰਾਂ। ਸੂਰਜ ਦੇ ਚੜ੍ਹਨ ਨਾਲ ਵਾਰ ਦਾ ਭੋਗ , ਬਸੰਤ ਦਾ ਸ਼ਬਦ ਤੇ ਬਸੰਤ ਦੀ ਵਾਰ। ਪਉੜੀਆਂ ਦਾ ਪਾਠ ਰਣਬੀਰ ਸਿੰਘ। ਹਾਜਰੀ ਏਨੀ ਬਹੁਤੀ ਕਿ ਸਿਮਰਤੀ ਹਾਲ ਨਾ ਕਾਫ਼ੀ ਸੀ, ਸੰਤ ਮਹਿੰਦਰ ਸਿੰਘ ਪੂਰਬੇ ਦੁਆਰਾ ਸਵੇਰ ਦੇ ਦੀਵਾਨ ਦੀ 6.45 ਵਜੇ ਸਮਾਪਤੀ ਦੀ ਅਰਦਾਸ ਉਪਰੰਤ ਸ. ਜਗਦੀਸ਼ ਸਿੰਘ ਦੀ ਪੇਸ਼ਕਾਰੀ ਤੇ ਭਗਵਾਨ ਦਾਸ ਵਰਮਾ ਔਰੰਗਾਬਾਦ ਦਾ ਵਿਦਵਤਾ ਪੂਰਨ ਵਿਖਿਆਨ ਤੱਤ-ਭੈਣੀ ਸਾਹਿਬ ਮੇਰੇ ਲਈ ਤੀਰਥ ਬਣ ਗਿਆ ਹੈ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਸਭ ਦੇ ਲਈ ਕਲਿਆਣ ਕਾਰੀ ਹਨ। ਹਿੰਦੁਸਤਾਨ ਦੇ ਵਿਦਵਾਨਾਂ ਨੇ ਜੀਵਨ ਦੀ ਅੰਤਿਮ ਮੰਜਲ

ਮੁਕਤੀ ਦੱਸੀ ਹੈ। ਮੁਕਤੀ ਨੂੰ ਤਿੰਨ ਰਸਤੇ ਦੱਸੇ ਜਾਂਦੇ ਹਨ; ਗਿਆਨ ਦਾ ਰਾਹ, ਕਰਮ ਦਾ ਰਾਹ ਅਤੇ ਭਗਤੀ ਦਾ ਰਾਹ। ਗਿਆਨ, ਕਰਮ ਅਤੇ ਭਗਤੀ ਕਰਕੇ ਜੇ ਮਨ ਵਿੱਚ ਅਹੰਕਾਰ ਆ ਜਾਵੇ ਤਾਂ ਤਿੰਨੇ ਅਵਸਥਾਵਾਂ ਨਕਾਰਾ ਹੋ ਜਾਂਦੀਆਂ ਹਨ। ਮਨੋਰਥ ਸਿੱਧੀ ਨਹੀਂ ਹੁੰਦੀ । ਭੌਤਕ ਜਰੂਰਤਾ ਵਿੱਚ ਵਿਗਿਆਨ ਨੇ ਸਾਨੂੰ ਕੀ ਨਹੀਂ ਦਿੱਤਾ,ਪਰ ਉਸਨੇ ਵਿਨਾਸ਼ ਵੀ ਏਨਾ ਪੈਦਾ ਕਰ ਦਿੱਤਾ ਹੈ ਕਿ ਮਿੰਟਾਂ ਵਿੱਚ ਧਰਤੀ ਤੇ ਜੀਵਨ ਦਾ ਅਸਿਤੱਤਵ ਖਤਮ ਕੀਤਾ ਜਾ ਸਕਦਾ ਹੈ। ਸਾਡੇ ਸਾਰੇ ਇੰਦਰੇ ਸ਼ੁੱਭ ਕਰਮ ਲਈ ਹਨ।ਮਹਾਤਮਾ ਗਾਂਧੀ ਦੇ ਬੰਦਰ ਵੀ ਬੁਰਾ ਵੇਖਣ, ਬੁਰਾ ਸੁਨਣ ਅਤੇ ਬੁਰਾ ਬੋਲਣ ਤੋਂ ਬਚਕੇ ਚਲਣ ਦਾ ਪ੍ਰਤੀਕ ਹਨ। ਭਗਤੀ ਮਾਰਗ ਭਾਵਨਾ ਤੇ ਆਧਾਰਤ ਹੈ, ਉਸ ਵਿੱਚ ਪੜ੍ਹਿਆ-ਅਨਪੜ੍ਹਿਆ ਪਰਮ ਗਤੀ ਨੂੰ ਪ੍ਰਾਪਤ ਹੋ ਸਕਦਾ ਹੈ। ਭਾਉ ਭਗਤੀ ਵਿੱਚ ਸ਼ੁੱਧਤਾ ਵੀ ਤਾਂ ਹੁੰਦੀ ਹੈ ਜੇਕਰ ਦਾਨ ਕੀਤਾ ਜਾਵੇ।ਗੁਰੂ ਨਾਨਕ ਦੇਵ ਜੀ ਨੇ ਭਗਤੀ ਦਾ ਦਾਨ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਭਗਤੀ ਬਖਸ਼ੀ। ਜਿੰਨਾ ਲੁਟਾਉਗੇ ਉਸ ਤੋਂ ਵੱਧ ਪ੍ਰਾਪਤ ਹੋਵੇਗਾ।ਸਮਾਜ ਵਿੱਚ ਸ਼ੁੱਧਤਾ ਅਤੇ ਸਮ੍ਰਿਧੀ ਲਿਆਉਣ ਲਈ ਦਾਨ ਕਰੋ, ਖੁੱਲ ਕੇ ਦਾਨ ਕਰੋ। 10 ਮਿੰਟ ਦੇ ਇਸ ਭਾਸ਼ਣ ਨੇ ਵਿਦਵਾਨ ਨੂੰ ਸ਼੍ਰੋਤਿਆਂ ਦੇ ਦਿਲਾਂ ਵਿੱਚ ਬਿਠਾ ਦਿੱਤਾ। ਮੰਚ ਸਕੱਤਰ ਵਰਿਆਮ ਸਿੰਘ ਨੇ ਸੂਚਨਾਵਾਂ ਦਿੱਤੀਆ; ਇਸ ਵਾਰੀ ਵਿਸਾਖੀ ਦਾ ਮੇਲਾ 2 ਥਾਂਵਾਂ ਤੇ ਹੋਏਗਾ।

12-13 ਅਪਰੈਲ 1987 ਸ੍ਰੀ ਜੀਵਨ ਨਗਰ ਅਤੇ 14-15 ਅਪਰੈਲ ਸ੍ਰੀ ਭੈਣੀ ਸਾਹਿਬ

14 ਅਪਰੈਲ ਨੂੰ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੀ ਸ਼ੁਰੂਆਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਅਤੇ ਉਦਘਾਟਨ ਨਾਲ ਹੋਵੇਗੀ।ਕੁਝ ਚੋਣਵੇਂ ਵਿਅਕਤੀ ਹੁਣੇ ਮੰਚ ਪਿੱਛੇ ਆਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ।

10 ਵਜੇ ਨਾਮਧਾਰੀ ਦਰਬਾਰ ਦੀ ਮੀਟਿੰਗ ਹਰੀ ਮੰਦਰ ਵਿਖੇ ਹੋਏਗੀ।

12 ਵਜੇ ਹਰੀ ਮੰਦਰ ਵਿੱਚ ਹੀ ਨਾਮਧਾਰੀ ਵਿਦਿਅਕ ਜਥੇ ਦੀ ਇਕੱਤਰਤਾ ਹੋਏਗੀ।

ਹੇਠ ਲਿਖੇ ਜਥੇਦਾਰ ਕੀਰਤਨ ਦੀ ਕਿਰਪਾ ਕਰਨਗੇ

9 ਤੋਂ 10 ਵਜੇ ਜਥੇਦਾਰ ਭਗਵਾਨ ਸਿੰਘ -ਸ਼ੇਰ ਸਿੰਘ ਭੜੋਲਿਆ ਵਾਲੇ

10 ਤੋਂ 11 ਗੁਰਦੀਪ ਸਿੰਘ ਦਿੱਲੀ।

11 ਤੋਂ 12 ਭੈਣੀ ਸਾਹਿਬ।

12 ਤੋਂ 12.45 ਤੱਕ ਸੂਬਾ ਮੇਲਾ ਸਿੰਘ

12.45 ਤੋਂ 1.45 ਤੱਕ ਪੰਡਤ ਗੋਪਾਲ ਸਿੰਘ।

7 ਤੋਂ 7.45 ਤੱਕ ਇੱਕ ਮੀਟਿੰਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਜਿਸ ਵਿੱਚ ਸ਼੍ਰੀ ਭੈਣੀ ਸਾਹਿਬ ਵਿਕਾਸ ਸਮਿਤੀ ਦੇ ਮੁਖੀ ਸ. ਹਰਭਜਨ ਸਿੰਘ ਔਰੰਗਾਬਾਦ, ਸੰਤ ਬਲਵੰਤ ਸਿੰਘ, ਸੂਬਾ ਹਰਬੰਸ ਸਿੰਘ ਜੀ ਆਦਿ ਵਿਅਕਤੀਆਂ ਨੇ ਪਿਛਲੇ ਸਮੇਂ ਦੀ ਸਮੀਖਿਆ ਕਰਕੇ ਅੱਗੇ ਤੋਂ ਕਮੇਟੀ ਨੂੰ ਨਵੀਂ ਤਜਵੀਜ਼ ਦਿੱਤੀ ਅਤੇ ਸਮੂਹਕ ਅਤੇ ਮਾਸਿਕ ਉਗਰਾਹੀ ਜੋਨ ਵਾਰ ਕਰਨ ਲਈ ਸਹਿਮਤੀ ਪ੍ਰਾਪਤ ਕੀਤੀ। ਮੈਨੂੰ ਉਹ ਫਹਿਰਿਸਤ ਨਹੀਂ ਮਿਲ ਸਕੀ ਜਿਸ ਅਨੁਸਾਰ ਵੱਖ-ਵੱਖ ਪ੍ਰਤੀਨਿਧਾਂ ਨੇ ਉਗਰਾਹੀ ਦੀ ਸੇਵਾ ਕਰਨੀ ਹੈ।ਇਸ ਮਹੀਨੇ ਦੀ ਕਾਰਗੁਜਾਰੀ ਪਿੱਛੋਂ ਫਿਰ ਵਿਚਾਰ ਹੋਵੇਗਾ।

ਠਾਕੁਰ ਦਲੀਪ ਸਿੰਘ ਜੀ ਨੇ ਅਮਰੀਕਾ ਤੋਂ ਇੱਕ ਐਸੀ ਸਾਧਨ ਵਿਧੀ ਲਿਆਂਦੀ ਹੋਈ ਹੈ ਜਿਸ ਵਿੱਚ ਰੱਖੇ ਜਰੂਰੀ ਪੱਤਰ ਤੁਸੀਂ ਜਦੋਂ ਚਾਹੋ ਦੇਖ-ਵੇਖ ਪੜ ਸਕਦੇ ਹੋ ਅਤੇ ਪਾਣੀ ਇਸਨੂੰ ਖਰਾਬ ਨਹੀਂ ਕਰ ਸਕਦਾ। ਉਹਨਾਂ ਆਪਣੇ ਕਮਰੇ ਵਿੱਚ ਮੈਨੂੰ ਇੱਕ ਬ੍ਰੀਫਕੇਸ ਖੋਲ ਕੇ ਉਹ ਪੱਤਰ ਮੈਨੂੰ ਦਿਖਾਏ। ਇਸ ਵਿੱਚ ਦੋ ਪੱਤਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਨ ਜੋ ਵਰਤਮਾਨ ਸਤਿਗੁਰੂ ਜੀ ਨੂੰ ਸੰਬੋਧਤ ਸਨ। ਪੱਤਰਾਂ ਦਾ ਆਰੰਭ ਸ੍ਰੀ ਮਾਨ ਕਾਕਾ ਜੀ ਨਾਲ ਹੁੰਦਾ ਸੀ। ਇੱਕ ਪੱਤਰ ਸ਼ੇਖੂਪੁਰੇ (ਪਾਕਿਸਤਾਨ) ਤੋਂ 22 ਜੇਠ ਦੀ ਮਿਤੀ ਪਾ ਕੇ ਲਿਖਿਆ ਗਿਆ ਹੈ ਪਰ ਇਸ ਤੇ ਸੰਮਤ ਨਹੀਂ ਲਿਖਿਆ। ਇਸ ਵਿੱਚ ਸਤਿਗੁਰੂ ਜੀ ਨੇ ਦਲੀਪ ਸਿੰਘ ਨਾਮ ਦੇ ਕਿਸੇ ਸਿੰਘ ਨੂੰ ਵਰਤਮਾਨ ਸਤਿਗੁਰੂ ਜੀ ਦੇ ਵਾਸਤੇ ਲੰਗਰ ਕਰਨ ਦੇ ਵਾਸਤੇ ਭੇਜਿਆ ਗਿਆ ਹੈ।ਦੂਜਾ ਪੱਤਰ ਲਾਹੌਰ ਤੋਂ 2 ਮੱਘਰ ਦੀ ਤਾਰੀਖ ਨਾਲ ਭੇਜਿਆ ਗਿਆ ਹੈ, ਸੰਮਤ ਇਸ ਤੇ ਵੀ ਨਹੀਂ ਲਿਖੀ। ਇਸ ਵਿੱਚ 2 ਆਦੇਸ਼ ਹਨ- ਸੱਜਣ ਸਿੰਘ (ਸ਼੍ਰੀ ਭੈਣੀ ਸਾਹਿਬ) ਦੇ ਮੁਕਦਮੇ ਬਾਰੇ ਜੇ ਸੁਲਹ ਹੋ ਸਕੇ ਤਾਂ ਕਰਵਾਉਣ ਦਾ ਯਤਨ ਕਰਨਾ ਅਤੇ ਆਉਂਦੇ ਹੋਏ ਬਸਤਰ (ਪੱਤਰ ਵਿੱਚ ਵੇਰਵਾ ਹੈ) ਲਈ ਆਉਣੇ।

ਦਲੀਪ ਸਿੰਘ ਲਾਂਗਰੀ ਜੋ ਕਿ ਸੰਤ ਦਲੀਪ ਸਿੰਘ ਪ੍ਰਤੀਤ ਹੁੰਦਾ ਹੈ ਜੋ ਕਿ ਅੱਜ-ਕੱਲ ਹਿਸਾਰ ਰਿਹਾਇਸ਼ ਕਰਦਾ ਹੈ

ਕਾਫੀ ਬਿਰਧ ਹੈ। ਇਹਨਾਂ ਦੋਹਾ ਪੱਤਰਾਂ ਦੇ ਅਵਲੋਕਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਗੱਦੀ ਦੇ ਵਾਰਸ ਦਾ ਨਾਮ ਪੱਤਰ ਤੇ ਨਹੀਂ ਸਨ ਲਿਖਣਾ ਚਾਹੁੰਦੇ, ਉਹਨਾਂ ਦੇ ਸਤਿਕਾਰ ਵਜੋਂ ਕਿਉਂਕਿ ਦੋਹਾਂ ਪੱਤਰਾਂ ਤੇ ਹੀ -ਇੱਕ ਤੇ ਜਗ ਤੇ ਦੂਜੇ ਤੇ ਜਗਜੀ ਲਿਖ ਕੇ ਕੱਟਿਆ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਹਾਰਾਜ ਬੀਰ ਸਿੰਘ ਜੀ ਦੇ ਵਾਸਤੇ ਉਨ੍ਹਾਂ ਦਾ ਨਾਮ ਹੀ ਇਸਤੇਮਾਲ ਕੀਤਾ ਜਾਂਦਾ ਸੀ। ਠਾਕੁਰ ਜੀ ਨੇ ਵਰਤਮਾਨ ਸਤਿਗੁਰੂ ਜੀ ਦਾ ਸ੍ਰੀ ਸਤਿਗੁਰੂ ਜੀ ਵੱਲ ਲਿਖਿਆ ਪੱਤਰ ਵਿਖਾਇਆ। ਇਸ ਉੱਤੇ ਮਿਤੀ ਅੰਗਰੇਜੀ ਢੰਗ ਵਿੱਚ ਸੀ ਤੇ ਈਸਵੀ ਵੀ ਲਿਖੀ ਹੋਈ ਸੀ 14.6.59 ਈ. ਪਰ ਇਸ ਤੇ ਵੇਰਵਾ ਨਹੀਂ ਸੀ। ਇਸ ਪੱਤਰ ਵਿੱਚ ਕਿਸੇ ਪਹਿਲਾਂ ਭੇਜੇ ਜੀਵਨ ਨਗਰ ਗੋਸ਼ਾਲਾ ਦੀਆਂ ਗਊਆਂ ਦੇ ਨਾਮ ਅਤੇ ਦੁੱਧ ਦਾ ਵੇਰਵਾ ਭੇਜਿਆ ਹੋਇਆ ਸੀ। ਇਸ ਪੱਤਰ ਦੁਆਰਾ ਸਤਿਗੁਰੂ ਜੀ ਨੇ ਸੂਚਤ ਕੀਤਾ ਹੈ। ਜਿੱਥੇ ਜਿੱਥੇ ਦੁੱਧ ਦੇ ਦਿਨ ਘਟਾਕੇ ਪੌਂਡ ਘਟਦੇ ਹਨ, ਉੱਥੇ-ਉੱਥੇ ਕੀਮਤ ਵੀ ਘਟਣੀ ਚਾਹੀਦੀ ਹੈ। ਮੈਂ ਆਪ ਨਾਮਧਾਰੀ ਦਰਬਾਰ ਜਾਂ ਵਿਦਿਅਕ ਜਥੇ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਿਆ। ਪਰ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਸ. ਜਗਦੀਸ਼ ਸਿੰਘ ਸਕੱਤਰ ਨਾਮਧਾਰੀ ਦਰਬਾਰ ਤੋਂ ਜੋ ਜਾਣਕਾਰੀ ਮਿਲੀ, ਉਸ ਅਨੁਸਾਰ ਦਰਬਾਰ ਨੇ ਇੱਕ ਤਾਂ ਮੈਂਬਰਸ਼ਿਪ ਫੀਸ 5 ਤੋਂ ਵਧਾ 20 ਕੀਤੀ ਹੈ। ਦੂਜੇ ਇਸ ਫੀਸ ਦਾ 500 ਇਕੱਤਰ ਕਰਕੇ ਪ੍ਰਪੋਜਲ ਬੈਂਕ ਹੈ। ਇਸ ਵਿੱਚ ਨਵੇਂ ਸਿਰਿਉਂ ਹਿਸਾਬ ਖੋਲਿਆ ਹੈ। ਤੀਜੇ ਦਾਜ ਦਹੇਜ ਦੀ ਲਾਹਨਤ ਜੋ ਨਾਮਧਾਰੀਆਂ ਵਿੱਚ ਵੇਖਾ ਵੇਖੀ ਪਣਪ ਰਹੀ ਹੈ ਦੇ ਖਿਲਾਫ਼ ਜ਼ਰੂਰ ਬੋਲਣ ਅਤੇ ਛੱਡ ਛਡਾ ਦੀ ਜਿਹੜੀ ਗਲਤ ਪਰਵਿਰਤੀ ਸਿਰ ਉਠਾ ਰਹੀ ਹੈ, ਇਸ ਦੀ ਰੋਕ ਲਈ ਇਲਾਕੇ ਦੇ ਨੇਤਾ, ਜਥੇਦਾਰ ਸੂਬਿਆਂ ਦਾ ਸਹਿਯੋਗ ਲੈ ਕੇ ਮੁੜ ਵਸੇਵੇ ਦੇ ਯਤਨ ਵਧਾਏ ਜਾਣ।

ਨਾਮਧਾਰੀ ਵਿਦਿਅਕ ਜਥੇ ਨੇ ਵੀ ਆਪਣੀ ਬੈਠਕ ਵਿੱਚ ਉਪਰੋਕਤ ਮੁੱਦਿਆਂ ਤੇ ਹੀ ਵਿਚਾਰ ਕੀਤੀ ਤੇ ਫੈਸਲੇ ਲਏ ਹਨ। ਨਾਮਧਾਰੀ ਦਰਬਾਰ ਦੀ ਰਹਿਨੁਮਾਈ ਤੇ ਹੀ ਕਾਰਵਾਈ ਕਰਨੀ ਹੈ। ਇਹ ਗੱਲ ਸਰਬਜੀਤ ਸਿੰਘ ਗਵਾਲੀਅਰ ਨੇ ਦੱਸੀ। ਗੈਰ ਨਾਮਧਾਰੀ ਨਰ ਨਾਰਾਂ ਦਾ ਇੱਕ ਜਥਾ ਅਨੰਦਪੁਰ ਹੋਲਾ ਵੇਖ ਕੇ ਆਇਆ ਹੋਵੇਗਾ, 60 ਕੁ ਸਰੀਰ ਸਨ। ਇਹ ਸਤਿਨਾਮ, ਸਤਿਨਾਮ, ਸਤਿਨਾਮ ਜੀ; ਵਾਹਿਗੁਰੂ ,ਵਾਹਿਗੁਰੂ, ਵਾਹਿਗੁਰੂ ਜੀ ਦਾ ਵਾਦਕ ਜਾਪ ਕਰਦੇ ਸਨ। ਲੰਗਰ ਛਕ ਕੇ ਜਾ ਰਹੇ ਸਨ। ਨਾਮਧਾਰੀ ਵਾਚਕ ਦੀ ਥਾਂ ਉਪਾਂਸ਼ੂ ਢੰਗ ਦਾ ਜਾਪ ਕਰਦੇ ਸਨ। ਜਿਸ ਵਿੱਚ ਬੁੱਲ੍ਹ ਤਾਂ ਹਿਲਦੇ ਹਨ ਪਰ ਆਵਾਜ ਨਹੀਂ ਨਿਕਲਦੀ। ਮਾਨਸ ਜਾਪ ਜਿਸਨੂੰ ਨਾਮ ਸਿਮਰਨ ਵੀ ਕਿਹਾ ਜਾਂਦਾ ਹੈ, ਗੁਰਮਤ ਨੇ ਉਸ ਨੂੰ ਕਿਹਾ ਹੈ; ਬਿਨ ਜਿਹਵਾ ਜੋ ਜਪੈ ਹਿਆਇ, ਕੋਈ ਜਾਣੈ ਕੈਸਾ ਨਾਉ। ਪਰ ਗੈਰ ਨਾਮਧਾਰੀਆਂ ਸਿੱਖਾਂ ਖਾਸਕਰ ਰਣਧੀਰ ਸਿੰਘੀਆਂ ਨੂੰ ਉੱਚੀ-ਉੱਚੀ ਭਜਨ ਗਾਉਣ ਨਾਲ ਵਧੇਰੇ ਸ਼ੰਤੁਸ਼ਟਤਾ ਹੁੰਦੀ ਹੈ।

ਸਿਮਰਨ ਸਮੇਂ ਜਾਣ ਤੋਂ ਪਹਿਲਾਂ ਇੱਕ ਵਾਰ ਮੇਰੇ ਕਮਰੇ ਵਿੱਚ ਨਾਮਧਾਰੀ ਸਾਹਿਤ ਸਭਾ ਦੇ ਉੱਪਰਲੇ ਮੈਂਬਰਾਂ ਦੀ ਬੈਠਕ ਵੀ ਹੋ ਗਈ ਜਿਸ ਵਿੱਚ ਅਸੀਂ ਸਹਿਪਾਠੀਆਂ ਤੇ ਬਾਲ ਸਾਖਾਈਆਂ ਦੀਆਂ ਭੈਣੀ ਸਾਹਿਬ ਵਿੱਚ ਵਿਦਿਆ ਹਾਸਲ ਕਰਨ ਸਮੇਂ ਦੀਆਂ ਕੋੜੀਆਂ ਮਿੱਠੀਆਂ ਯਾਦਾਂ ਦਾ ਮਨ ਮੱਲਵਾਂ ਪ੍ਰਗਟਾਵਾ ਸੀ।

ਅਸੀਂ ਤਿੰਨ ਜਣੇ ਸਾਂ- ਸ. ਰਜਿੰਦਰ ਸਿੰਘ, ਪ੍ਰੀਤਮ ਸਿੰਘ ਪੰਛੀ, ਅਤੇ ਮੈਂ। ਇਸ ਮੇਲ ਨੇ ਵੀ ਨਾਮਧਾਰੀ ਵਿਦਿਅਕ ਜਥੇ ਦੀਆਂ ਮੀਟਿੰਗਾ ਵਿੱਚ ਜਾਣਾ ਭੁਲਾ ਦਿੱਤਾ। ਅਸੀਂ ਤਿੰਨੇ ਜਨੇ ਹੀ ਸਤਿਜੁਗ ਸਪਤਾਹਕ ਜੀਵਨ ਨਗਰ ਦੇ ਸੰਪਾਦਕ ਸਾਂ। ਪ੍ਰੀਤਮ ਸਿੰਘ ਪੰਛੀ ਨੇ ਅੱਜ ਕਲ ਹੀ "ਤ੍ਰਿਸ਼ੰਕੂ ਨਾਮ ਹੇਠ ਸ੍ਰੀ ਭੈਣੀ ਸਾਹਿਬ ਵਿਦਿਆਲਾਂ ਦੀਆ ਕੁਝ ਯਾਦਾਂ "ਪੰਜਾਬੀ ਡਾਈਜੈਸਟ" ਮਾਰਚ ਅੰਕ ਵਿੱਚ ਛਾਪੀਆਂ ਸਨ। 2 ਤੋਂ 3 ਵਜੇ ਤੱਕ ਸਿਮ੍ਰਤੀ ਮੰਦਰ ਵਿੱਚ ਨਾਮ ਸਿਮਰਨ ਸਮੇਂ ਅਸਾਂ ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਦੇ ਦਰਸ਼ਨ ਫਿਰ ਕੀਤੇ। ਭਰਪੂਰ ਹਾਲ, ਰਸਨਾ ਟਕ-ਟਕ ਚੱਲਦੀਆਂ, ਮਨ ਦੀ ਇਕਾਗਰਤਾ। ਮੰਚ ਉੱਤੇ ਸਤਿਗੁਰੂ ਜੀ ਦੇ ਗਿਰਦ ਕਾਫੀ ਰੋਣਕ ਹੈ ਬੈਠਣ ਵਾਲਿਆਂ ਦੀ ਇਕ ਬੜਾ ਜੱਚਦਾ ਪੁਜਦਾ ਨੌਜੁਆਨ ਵੀ ਸਤਿਗੁਰੂ ਜੀ ਦੇ ਜਥੇ ਵਿੱਚ ਸ਼ਾਮਿਲ ਹੈ। ਇਹ ਨਾਲ ਨਾਲ ਵੀ ਰਹਿੰਦਾ ਹੈ ਅਤੇ ਬੈਠਦਾ ਹੈ। ਸਤਿਗੁਰੂ ਜੀ ਇਸ ਨੂੰ ਵਿਸ਼ੇਸ਼ ਸਨਮਾਨ ਬਖਸ਼ਦੇ ਹਨ। ਇਹ ਹੈ ਚੰਡੀਗੜ ਵਾਲਿਆਂ ਦਾ ਛੋਟਾ ਭਾਈ ਸ. ਸੁਰਿੰਦਰ ਸਿੰਘ। ਸਕੱਤਰ ਸਾਹਿਬ ਨੇ ਇੱਕ ਟਾਈਮ ਸੂਚੀ ਲਿਖਤੀ ਤੋਰ ਤੇ ਫੇਰੀ ਜਿਸ ਅਨੁਸਾਰ ਸ੍ਰੀ ਸਤਿਗੁਰੂ ਜੀ ਅਤੇ ਦੀਵਾਨ ਵਿੱਚ ਫੋਟੋਆਂ ਲਈਆਂ ਜਾ ਸਕਦੀਆਂ ਹਨ।

**ਸਵੇਰੇ 6.30 ਤੋਂ 6.33**


ਲਉਢੇ ਵੇਲੇ 2.30 ਤੋਂ 2.33 ਇਸ ਤੋਂ ਬਾਅਦ 3.30 ਤੋਂ 3.33। ਸੰਤ ਮਹਿੰਦਰ ਸਿੰਘ ਪੂਰਬਾ ਨੇ ਨਾਮ ਸਿਮਰਨ ਦੀ ਸਮਾਪਤੀ ਦੀ ਅਰਦਾਸ ਕੀਤੀ ਤਾਂ ਅੱਜ ਭੈਣੀ ਸਾਹਿਬ ਦੇ ਸਥਾਈ ਤੇ ਬਜੁਰਗ ਰਾਗੀਆਂ- ਭਾਈ ਭਜਨ ਸਿੰਘ ਤੇ ਕੇਹਰ ਸਿੰਘ ਨੂੰ ਸਮਾਂ ਮਿਲਿਆ। ਉਨ੍ਹਾਂ ਕੀ ਗਾਇਆ ਇਹ ਤਾਂ ਪਤਾ ਨਾ ਲੱਗ ਸਕਿਆ ਪਰ ਅੱਜ ਸ੍ਰੀ ਸਤਿਗੁਰੂ ਜੀ ਨੇ ਆਪ ਮੰਗਲਾ ਚਰਨ ਕਰਕੇ "ਸਾਜਨ ਦੇਸ ਵਿਦੇਸੀਅੜੇ ਸਾਨੁਹੜੇ ਦੇਦੀ।" ਸਰੋਤਿਆਂ ਲਈ ਇਹ ਆਨੰਦ ਦੀ ਗੰਗਾ ਸੀ। ਇਸਦਾ ਭਾਵ ਪ੍ਰਦੇਸੀ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੁਨੇਹਾ ਭੇਜਣਾ ਵੀ ਸੀ। ਉਪਰੰਤ ਦੂਜਾ ਸ਼ਬਦ ਆਰੰਭ ਹੋਇਆ- ਰਾਖ ਲੇਹੁ ਹਮ ਤੇ ਬਿਗਰੀ। ਸ੍ਰੀ ਸਤਿਗੁਰੂ ਜੀ ਨੇ ਇਸ ਸ਼ਬਦ ਨਾਲ ਦਿਲਰੁਬਾ ਵੀ ਵਜਾਇਆ ਅਤੇ ਸਾਰਾ ਹਾਲ ਤਰਬਕਾਰੀ ਨਾਲ ਗੂੰਜ ਉੱਠਿਆ। ਇਸ ਦੀਵਾਨ ਸਮੇਂ ਵਲਾਇਤ ਤੋਂ ਸ. ਗੁਰਦੀਪ ਸਿੰਘ ਸਾਊਥਲ, ਸ. ਜੋਗਿੰਦਰ ਸਿੰਘ ਸੱਗੂ, ਸੰਤ ਵਾਸਦੇਵ ਸਿੰਘ ਅਫਰੀਕਾ ਵਿੱਚੋਂ ਆਏ ਨਜਰ ਪਏ। ਮੈਂ ਵੀ ਸਤਿਗੁਰੂ ਜੀ ਨੂੰ ਨਾਮ ਸਿਮਰਨ ਸਮੇਂ ਇੱਕ ਰੁੱਕਾ ਸੰਕੇਤ ਭੇਜਿਆ ਸੀ ਕਿ ਸ. ਸੰਤੋਖ ਸਿੰਘ ਧੀਰ ਪ੍ਰਸਿੱਧ ਲੇਖਕ ਅਤੇ ਕਵੀ ਵਾਸਤੇ 5000 ਸਹਾਇਤਾ ਦੇਣ ਲਈ, ਬੇਨਤੀ ਕੀਤੀ ਕਿ ਪੂਰਬਾ ਖਜਾਨਚੀ ਨੂੰ ਆਗਿਆ ਦਿੱਤੀ ਜਾਵੇ। ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਅਤੇ ਸ਼ਾਮ ਤੱਕ ਮੈਂ ਪੰਜ ਹਜਾਰ ਰੁਪਈਆ ਸੰਭਾਲ ਲਿਆ।

**ਦੋ ਗੱਲਾਂ ਪ੍ਰਬੰਧ ਬਾਰੇ-** ਸਾਧ ਸੰਗਤ ਦੇ ਜੋੜੇ ਸੰਭਾਲਣ ਦੀ ਸੇਵਾ ਦਿੱਲੀ ਵਾਲੇ ਸੰਤ ਵਿਰਸਾ ਸਿੰਘ ਜੀ ਆਪਣੇ ਜਥੇ ਨਾਲ ਕਰ ਰਹੇ ਸਨ। ਆਪ ਜੀ ਦਾ ਦੂਜਾ ਸਾਥੀ ਸੰਤ ਤਰਲੋਕ ਸਿੰਘ ਸਰੀਰ ਤੋਂ ਢਿੱਲੇ ਹੋਣ ਕਰਕੇ ਇਸ ਵਾਰ ਪਹੁੰਚ ਨਹੀਂ ਸਕੇ। ਹਾਲ ਦਾ ਮੁੱਖ ਪ੍ਰਬੰਧਕ ਸੰਤ ਦਿਆਲ ਸਿੰਘ ਦੇ ਅਧੀਨ ਦੁਆਬੇ ਅਤੇ ਸੰਤ ਨਗਰ ਦੇ ਸਿੰਘਾਂ ਦੇ ਹਵਾਲੇ ਸੀ। ਅੱਜ ਦੇ ਦੀਵਾਨ ਵਿੱਚ ਪੰਜਾਬੀ ਟ੍ਰਿਬਿਊਨ (ਰੋਜਾਨਾ) ਚੰਡੀਗੜ ਦਾ ਸੰਪਾਦਕ ਜੋਗਿੰਦਰ ਸਿੰਘ ਉਬਰਾਏ ਅਤੇ ਮੰਡੀ ਗੋਬਿੰਦਗੜ ਦੇ ਭਰੋਸੇ ਦੇ ਪ੍ਰਤੀਕ ਡਾ. ਕੁਲਦੀਪ ਸਿੰਘ ਸ਼ਤਰਾਣਾ ਵੀ ਬੈਠੇ ਹੋਏ ਸਨ।

**ਸਫ਼ਾ 373 ਤੋਂ ਅੱਗੇ-** ਪੰਥ ਰਤਨ ਮਾਸਟਰ ਨਿਹਾਲ ਸਿੰਘ ਤੋਂ ਪਤਾ ਲੱਗਾ ਕਿਦਰਬਾਰ ਨੇ ਨਾਮਧਾਰੀਆਂ ਦੀ ਮਰਦਮਸ਼ੁਮਾਰੀ ਦੇ ਕਾਰਜਾਂ ਦੀ ਪੜਤਾਲ ਅਤੇ ਸੰਥਿਆ ਕੰਪਿਊਟਰ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ। ਸਮੁੱਚੇ ਕਾਗਜ ਜੋ ਪਹਿਲਾਂ ਵੀ 40, ਅਸ਼ੋਕ ਤੇ ਪਏ ਹਨ ਅਤੇ ਹੋਰ ਵੀ ਦਿੱਤੇ ਜਾਣਗੇ। ਇਹਨਾਂ ਦੇ ਨਿਗਰਾਨ ਤੇ ਪੜਚੋਲੀਏ ਸ. ਜਗਮੋਹਨ ਸਿੰਘ ਹੰਸਪਾਲ ਦਿੱਲੀ ਹੋਣਗੇ। ਦਰਬਾਰ ਵਿੱਚ ਇਹ ਗੱਲ ਵੀ ਵਿਚਾਰੀ ਗਈ ਕਿ ਸੰਤ ਜਗਦੀਸ਼ ਸਿੰਘ ਅੰਮ੍ਰਿਤਸਰੀ ਜਿਹੜੀਆਂ ਵੀ ਯਾਤਰਾਵਾਂ ਵਿੱਚ ਭਾਗ ਲੈਂਦੇ ਹਨ, ਉਹ ਮੌਜੂਦਾ ਹਾਲਾਤ ਦੇ ਚੋਖਟੇ ਵਿੱਚ ਦਰਬਾਰ ਤੋਂ ਅਗਵਾਈ ਲੈ ਕੇ ਚਲਣ ਤੇ ਸਤਰਕ ਰਹਿਣ। ਮਰਦਮ ਸ਼ੁਮਾਰੀ ਨਾਲ ਸੰਬੰਧਿਤ ਉਗ੍ਰਾਹੀ ਵੀ ਦਰਬਾਰ ਦੇ ਖਾਤੇ ਵਿੱਚ ਬੈਂਕ ਵਿੱਚ ਜਮਾਂ ਕਰਵਾਉਣ ਦਾ ਦਰਬਾਰ ਵਿੱਚ ਫੈਸਲਾ ਕੀਤਾ ਗਿਆ। ਦਰਬਾਰ ਦਾ ਇੱਕ ਅਹਿਮ ਫੈਸਲਾ ਇਹ ਵੀ ਸੀ ਕਿ ਦਰਬਾਰ ਦੇ ਪੱਕੇ ਦਫਤਰ ਲਈ ਸ੍ਰੀ ਭੈਣੀ ਸਾਹਿਬ ਵਿਖੇ ਜਗ੍ਹਾ ਲਈ ਜਾਵੇ ਤੇ ਉਸਾਰੀ ਕੀਤੀ ਜਾਵੇ। ਸ੍ਰੀ ਭੈਣੀ ਸਾਹਿਬ ਵਿਕਾਸ ਸਮਿਤੀ ਦੀ ਨਵੀਂ ਟੀਮ ਤੋਂ ਸ. ਹਰਭਜਨ ਸਿੰਘ ਤਸੱਲੀ ਵਿੱਚ ਸਨ। ਉਹਨਾ ਦੱਸਿਆ ਕਿ ਇਸਦੇ ਤੋਰ ਤਰੀਕਿਆਂ ਦਾ ਅਮਲੀ ਤੋਰ ਤੇ ਪਤਾ ਵੈਸਾਖੀ ਤੱਕ ਲੱਗ ਜਾਵੇਗਾ। ਕਿਓਂਕਿ ਪਿਛਲੀ ਕਮੇਟੀ ਸਮੇਂ ਉਗ੍ਰਾਹੀ ਆਮ ਨਾਲੋਂ ਬਹੁਤ ਘੱਟ ਹੋਈ ਹੈ ਅਤੇ ਹੁਣ ਨਵੇਂ ਬੰਦਿਆਂ ਨੂੰ ਰਸੀਦ ਬੁਕਾਂ ਦੇ ਦਿੱਤੀਆਂ ਹਨ। ਇਸ ਨਾਲ ਜਰੂਰ ਫਰਕ ਪਵੇਗਾ। ਅੱਜ ਕੀਰਤਨ ਸਮੇਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਇੱਕ ਗੈਰ ਨਾਮਧਾਰੀ ਸੋਢੀ ਪਰਵਾਰ ਹਾਜਰ ਹੋਇਆ। ਸੋਢੀ ਸਾਹਿਬ ਜਿੰਨਾਂ ਦਾ ਨਾਂ ਅਜੀਤ ਸਿੰਘ ਸਪੁੱਤਰ ਸ਼੍ਰੀ ਪ੍ਰਕਾਸ਼ ਸਿੰਘ ਸੋਢੀ ਪਹਿਲਾਂ ਦਿੱਲੀ ਨਿਵਾਸੀ ਹੁਣ ਲੁਧਿਆਣਾ ਦੇ ਵਸਨੀਕ ਹਨ। ਕੋਟ ਪੈਂਟ ਤੇ ਅਸਮਾਨੀ ਰੰਗ ਦੀ ਪਗੜੀ, ਬੱਧੀ ਦਾੜੀ ਨਾਲ ਅਰਜ ਕਰਨ ਆਏ। ਇਹਨਾਂ ਨਾਲ ਇਹਨਾਂ ਦੀ ਬੀਬੀ ਦਰਸ਼ਨ ਦੋ ਪੁੱਤਰੀਆਂ ਮਨਿੰਦਰ ਅਤੇ ਸਤਿਨਾਮ ਅਤੇ ਇੱਕ ਲੜਕਾ ਤਰਲੋਚਨ ਸਿੰਘ ਸੋਢੀ। ਸਰਦਾਰ ਜੀ ਨੂੰ ਅਧਰੰਗ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ ਸਨ। ਪੁੱਤਰੀ ਮਨਵਿੰਦਰ ਅਤੇ ਲੜਕਾ ਪਬਲਿਕ ਐਡਮਿਨਿਸਟ੍ਰੈਸ਼ਨ ਵਾਸਤੇ ਤਿਆਰੀ ਕਰ ਰਹੇ ਹਨ। ਘਰ ਵਿੱਚ ਕੋਈ ਕਮਾਊ ਨਾ ਹੋਣ ਕਰਕੇ ਥੋੜੀ ਸਹਾਇਤਾ ਦੇ ਲੋੜਵੰਦ ਸਨ। ਇਹਨਾਂ 900 ਦੀ ਮੰਗ ਕੀਤੀ ਸੀ। ਸ੍ਰੀ ਸਤਿਗੁਰੂ ਜੀ ਨੇ ਮੈਨੂੰ ਬੁਲਾਇਆ ਤੇ ਆਗਿਆ ਕੀਤੀ ਕਿ ਦੀਵਾਨ ਤੋਂ ਪਿੱਛੋਂ ਮੈਂ ਪੂਰਬਾ ਜੀ ਕੋਲੋਂ 1000 ਲੈਕੇ ਇਹਨਾਂ ਨੂੰ ਦੇ ਦਿਆਂ। ਮੈਂ ਇਹ ਰਕਮ ਪੂਰਬਾ ਜੀ ਕੋਲੋਂ ਲੈ ਕੇ ਸ. ਅਜੀਤ ਸਿੰਘ ਸੋਢੀ ਦੇ ਹਵਾਲੇ ਕਰ ਦਿੱਤੀ। ਏਥੇ ਮੈਂ ਉਹਨਾਂ ਸੰਗੀਤ ਕਲਾਕਾਰਾਂ ਤੇ ਰਾਗੀਆਂ ਦੇ ਨਾਮ ਲਿਖਦਾ ਹਾਂ ਜਿਹੜੇ ਇਸ ਹੋਲੇ ਸਮੇਂ ਮੰਚ ਉੱਤੇ ਗੁਰੂ ਕੇ ਸਨਮੁਖ ਬੈਠ ਕੀਰਤਨ ਕਰਦੇ ਰਹੇ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਗੇਂਦਾ ਭੈਣੀ ਸਾਹਿਬ ਪੁਲੀਸ ਚੌਂਕੀ ਦਾ ਹਵਾਲਦਾਰ ਸੀ। (ਇਹ ਹਵਾਲਦਾਰ ਨਹੀਂ ਸਿਪਾਹੀ ਸੀ) ਸਤਿਗੁਰਾਂ ਦੇ ਪ੍ਰਦੇਸ ਜਾਣ ਬਾਅਦ ਡੇਰੇ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲੀਸ ਦੀ ਚੌਕੀ ਪਾ ਦਿਤੀ ਗਈ ਸੀ। ਪਹਿਲੇ ਕੁਝ ਸਾਲ ਤਾਂ ਕਿਸੇ ਨਾਮਧਾਰੀ ਸਿੰਘ ਨੂੰ ਏਥੇ ਆਉਣ ਦੀ ਆਗਿਆ ਨਹੀਂ ਸੀ। ਫਿਰ ਸਮਾਂ ਪਾ ਕੇ ਪੰਜ ਜਾਂ ਦਸ ਤੱਕ ਸਿੰਘਾਂ ਨੂੰ ਅੰਦਰ ਜਾ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਦੀ ਖੁੱਲ੍ਹ ਮਿਲ ਗਈ ਸੀ। ਸਿੰਘ ਦੂਰੋਂ ਦੂਰੋਂ ਆਉਂਦੇ। ਕਈ ਕਈ ਦਿਨ ਵਾਰੀ ਉਡੀਕਦੇ ਰਹਿੰਦੇ। ਗੁਰੂ ਹਰੀ ਸਿੰਘ ਜੀ, ਮਾਤਾ ਜਿਊਣ ਕੌਰ ਜੀ, ਪੁਲੀਸ ਦੀਆਂ ਨਜ਼ਰਾਂ ਤੋਂ ਬਚਾ ਕੇ ਜਲ ਪਾਣੀ, ਪ੍ਰਸ਼ਾਦੇ ਉਹਨਾਂ ਛਿਪੇ ਸਿੰਘਾਂ ਨੂੰ ਛਕਾਉਂਦੇ। ਇਹ ਜਿਹੜਾ ਗੇਂਦਾ ਹੌਲਦਾਰ ਸੀ, ਬੜਾ ਸਖ਼ਤ ਸੀ ਸੁਭਾਅ ਦਾ। ਦਰਸ਼ਨਾਂ ਲਈ ਆਏ ਸਿੰਘਾਂ ਨੂੰ ਵੀ ਤੰਗ ਕਰਦਾ ਅਤੇ ਡੇਰੇ ਵਿਚੋਂ ਜੇ ਕੋਈ ਵਸਤ ਛਕਣ ਛਕਾਣ ਵਾਲੀ ਉਹਨਾਂ ਤਕ ਜਾਂਦੀ ਉਹ ਵੀ ਖੋਹ ਲੈਂਦਾ। ਇਕ ਦਿਨ ਤਾਂ ਹੱਦ ਹੋ ਗਈ ਜਿਸ ਦਿਨ ਉਹਨੇ ਬਾਹਰ ਸਿੰਘਾਂ ਵਾਸਤੇ ਜਾ ਰਹੀ ਸ਼ਰਦਾਈ ਦਾ ਗੜਵਾ, ਮਾਤਾ ਜਿਊਣ ਕੌਰ ਜੀ ਦੇ ਹੱਥੋਂ ਖੋਹ ਕੇ ਡੋਹਲ ਦਿਤਾ। ਖਾਂਦਾ ਵੀ ਸੀ ਤੇ ਹੀਂਜਰਦਾ ਵੀ ਸੀ। ਸਬੱਬੀ ਅੜਬੰਗੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ। ਮਲ੍ਹੋਆਣੇ ਦੇ ਨੇੜੇ ਗੁਰੂ ਜੀ ਦੇ ਦਰਸ਼ਨ ਉਹਨੂੰ ਹੋ ਗਏ। ਤੁਰਨ ਲੱਗਿਆ ਅਰਜ਼ ਕੀਤੀ, "ਪਾਤਸ਼ਾਹ ਜੀ, ਕੋਈ ਸੇਵਾ ਹੋਵੇ ਤਾਂ ਹੁਕਮ ਕਰੋ।" ਗੁਰੂ ਹਰੀ ਸਿੰਘ ਜੀ ਨੇ ਆਖਿਆ, "ਭਗਵਾਨ ਸਿੰਘ ਹੋਰ ਤਾਂ ਕੋਈ ਤਕਲੀਫ਼ ਨਹੀਂ। ਇਕ ਗੇਂਦਾ ਗੰਦਾ ਹੈ ਉਹ ਬੜਾ ਤੰਗ ਕਰਦਾ ਹੈ, ਦਰਸ਼ਨ ਵਾਸਤੇ ਆਈਆਂ ਸੰਗਤਾਂ ਨੂੰ।" ਅੜਬੰਗੀ ਨੇ ਕਿਹਾ ਕਿ ਤੁਹਾਡੀ ਕ੍ਰਿਪਾ ਨਾਲ ਸੰਗਤ ਦਾ ਇਹ ਕਸ਼ਟ ਛੇਤੀ ਕੱਟਿਆ ਜਾਏਗਾ ਅਤੇ ਵਾਪਸ ਤੁਰ ਚੱਲਿਆ। ਐਨ ਉਸੇ ਵੇਲੇ ਕਿਸੇ ਨੇ ਗੇਂਦੇ ਨੂੰ ਵੀ ਜਾ ਦੱਸਿਆ ਕਿ ਜਿਹੜੇ ਸਾਧ ਅੜਬੰਗੀ ਨੂੰ ਤੂੰ ਫੜਨਾ ਚਾਹੁੰਦਾ ਹੈਂ, ਉਹ ਅੱਜ ਆਇਆ ਈ ਤੇ ਹੁਣੇ ਹੁਣੇ ਗੁਰੂ ਹਰੀ ਸਿੰਘ ਨੂੰ ਮਿਲ ਕੇ ਮੁੜਿਆ ਈ। ਗੇਂਦਾ ਤਰੱਕੀ ਦੇ ਲਾਲਚ ਵਿਚ ਸੀ। ਜੁਆਨੀ ਦੇ ਘੁਮੰਡ ਵਿਚ ਸੀ। ਹਕੂਮਤ ਦਾ ਵੀ ਨਸ਼ਾ ਸੀ। 'ਕੱਲਾ ਹੀ ਆਪਣੀ ਡਾਂਗ ਚੁੱਕ ਕੇ ਭੱਜ ਤੁਰਿਆ। ਅੜਬੰਗੀ ਨੇ ਵੀ ਵੇਖ ਲਿਆ ਕਿ ਅੱਜ ਇਹਦਾ ਕਾਲ ਇਹਨੂੰ ਖਿੱਚੀ ਲਿਆਉਂਦਾ ਹੈ ਮੇਰੇ ਵੱਲ। ਉਹ ਵੀ ਛੂਹਲੇ ਪੈਰੀਂ ਹੋ ਗਿਆ। ਬਾਬਾ ਜੀ ਦੱਸਦੇ ਸਨ ਕਿ ਉਸ ਦਿਨ ਸਾਡਾ ਇਰਾਦਾ ਗੇਂਦੇ ਨੂੰ ਮਾਰਨ ਦਾ ਨਹੀਂ ਸੀ। ਕਿਉਂਕਿ ਦਿਨ ਦਾ ਵੇਲਾ ਸੀ ਕੋਈ ਗਿਆਰਾਂ ਕੁ ਵਜੇ ਦਾ। ਗੁਰੂ ਹਰੀ ਸਿੰਘ ਹੋਰੀਂ ਹੁਣੇ ਹੀ ਬਾਹਰੋਂ ਡੇਰੇ ਨੂੰ ਜਾ ਰਹੇ ਸਨ। ਮੈਂ ਟਾਲਾ ਕਰਦਾ ਸਾਂ ਪਈ ਕਿਤੇ ਸਰਕਾਰ ਇਹ ਕਤਲ ਉਹਨਾਂ 'ਤੇ ਨਾ ਪਾ ਦੇਵੇ। ਇਸ ਲਈ ਮੈਂ ਅੱਜ ਮੌਕਾ ਨਹੀਂ ਸੀ ਬਣਨ ਦੇਣਾ ਚਾਹੁੰਦਾ। ਫਿਰ ਕਿਤੇ ਅੱਗਾ ਪਿੱਛਾ ਕਰਕੇ ਹੋਰਥੇ ਉਹਨੂੰ ਸੋਧਣਾ ਚਾਹੁੰਦਾ ਸਾਂ। ਪਰ ਭਾਵੀ ਪ੍ਰਬਲ ਸੀ। ਹੋਣੀ ਉਹਨੂੰ ਖਿੱਚੀ ਲਈ ਆਉਂਦੀ ਸੀ। ਮੈਂ ਦੋ ਪਸ਼ਮੀਨੇ ਦੀਆਂ ਚਾਦਰਾਂ, ਜਿਹਨਾਂ ਦੇ ਪੱਲੇ ਪੰਸੇਰੀ ਲੱਡੂਆਂ ਦੀ ਵੀ ਬੱਧੀ ਸੀ ਅਤੇ ਵੀਹ ਰੁਪੈ ਵੀ ਸਨ, ਉਹ ਸੁੱਟੀਆਂ ਕਿ ਲਾਲਚ ਵਿਚ ਆ ਕੇ ਮੁੜ ਜਾਏ। ਪਰ ਉਹਨੂੰ ਤੇ ਵੱਡਾ ਲੋਭ ਸੀ ਥਾਣੇਦਾਰ ਬਣਨ ਦਾ। ਉਸ ਦੂਰੋਂ ਮੈਨੂੰ ਲਲਕਾਰ ਕੇ ਆਖਿਆ, "ਸਾਧਾ ਗਾਂ ਖਾਏ ਜੇ ਅਗਾਂਹ ਜਾਏ।" ਹੁਣ ਜੂਹ ਦੂਜੇ ਪਿੰਡ (ਕੋਟ ਗੰਗੂ ਰਾਇ) ਦੀ ਆ ਚੁੱਕੀ ਸੀ। ਮੈਂ ਵੀ ਦਲੇਰ ਹੋ ਗਿਆ ਸਾਂ ਕਿ ਮੌਕਾ ਹੁਣ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਦਾ ਹੀ ਬਣੇਗਾ। ਸੋ ਮੈਂ ਮੋੜ ਕੇ ਜੁਆਬ ਦਿਤਾ, "ਹਲਾ ਬਈ ਤਕੜਾ ਹੋ, ਤੇ ਸੂਰ ਖਾਏਂ ਜੇ ਤੂੰ ਹੁਣ ਪਿਛਾਂਹ ਮੁੜੇ।"

ਆਹਮੋ ਸਾਹਮਣੇ, ਅੱਪੜ ਗਏ। ਉਸ ਮੈਨੂੰ ਆਖਿਆ ਬੁੱਢਿਆ ਵਾਰ ਕਰ ਲੈ ਪਹਿਲਾਂ, ਆਖੀਂ ਨਾ ਬਈ ਮੌਕਾ ਨਹੀਂ

ਮਿਲਿਆ। ਮੈਂ ਆਖਿਆ, "ਵੇਖ ਪਈ ਜੁਆਨਾ, ਤੂੰ ਮੇਰੇ ਪਿੱਛੇ ਖੁਰੀ ਕਰਕੇ ਆਇਆ ਹੈਂ। ਹੱਕ ਤੇਰਾ ਬਣਦਾ ਹੈ ਪਹਿਲੇ ਵਾਰ ਦਾ।" ਉਹ ਸਿੱਧਾ ਹੋਇਆ ਤੇ ਉਸ ਦੁਹੱਥੜੀ ਡਾਂਗ ਮੇਰੇ ਵੱਲ ਚਲਾਈ। ਮੈਂ ਰੋਕੀ ਤੇ ਸਹੀ ਪਰ ਫਿਰ ਵੀ ਪੁੜਪੁੜੀ ਕੋਲ ਵੱਜ ਗਈ।ਮੈਂ ਸਿਰ ਛੱਡਿਆ ਤਾਂ ਲਹੂ ਦੀ ਤਤੀਰੀ ਜਾ ਪਈ ਰੇਤੇ ਤੇ। ਮੈਂ ਪੈਂਤੜਾਂ ਬਦਲ ਕੇ ਲਲਕਾਰਿਆ ਗੇਂਦੇ ਨੂੰ, ਪਈ ਰੋਕ ਜੇ ਰੁਕਦਾ ਈ, ਸਿੰਘ ਦਾ ਵਾਰ ਆਇਆ। ਪਹਿਲੇ ਖੂੰਡੇ ਨਾਲ ਹੀ ਗੇੜਾ ਖਾ ਕੇ ਜਾ ਪਿਆ। ਇਕ ਹੋਰ ਜੜਿਆ। ਐਨ ਨਿੱਸਲ ਹੋ ਕੇ ਪੈ ਗਿਆ। ਕੱਢ ਕੇ ਬੋਝੇ 'ਚੋਂ ਕਾਚੂ (ਚਾਕੂ) ਸ਼ਾਹਰਗ ਵੱਢ ਦਿਤੀ ਤੇ ਸਾਧ ਅੱਲਾ ਬੇਲੀ ਹੋ ਗਿਆ, ਗੇਂਦੇ ਨੂੰ ਤਰੱਕੀਆਂ ਦੇ ਗਿਆ ਅਤੇ ਮਗਰਲਿਆਂ ਨੂੰ ਕੰਨ ਕਰ ਗਿਆ ਕਿ ਜੇ ਕਿਸੇ ਫੇਰ ਡੇਰੇ ਭੈਣੀ ਸਾਹਿਬ ਵਾਲਿਆਂ ਨਾਲ ਕਿਸੇ ਤਰ੍ਹਾਂ ਦੀ ਵਧੀਕੀ ਕੀਤੀ ਤਾਂ ਉਹ ਵੀ ਗੇਂਦੇ ਵਾਲਾ ਹਸ਼ਰ ਚੇਤੇ ਕਰ ਲਵੇ।" ਬਾਬੇ ਹੋਰਾਂ ਦੱਸਿਆ ਸੀ ਕਿ ਇਹ ਕਤਲ ਗੁਸਾਈਂ ਆਣੇ ਦੇ ਕੋਲ ਹੋਇਆ ਸੀ ਅਤੇ ਉਹ ਫਿਰ ਏਥੋਂ ਲੱਲਾਂ ਦੇ ਕੂਕਿਆਂ ਕੋਲ ਜਾ ਕੇ, ਆਪਣੇ ਜ਼ਖ਼ਮ 'ਤੇ ਪਟੀ ਬੰਨ੍ਹ ਕੇ, ਲੀੜੇ ਕੱਪੜੇ ਬਦਲ ਕੇ, ਰਾਤ ਰਾਤ ਹੀ ਨਹਿਰ ਸਰਹਿੰਦ ਦੀ ਪਟੜੀ ਪੈ ਕੇ ਜਿਉਂ ਚੱਲੇ, ਲੋਅ ਲਗਦੀ ਨੂੰ ਢਿੱਲਵਾਂ (ਜ਼ਿਲ੍ਹਾ ਬਠਿੰਡਾ) ਮੌੜਾਂ ਦੇ ਲਾਗੇ ਜਾ ਅੱਪੜੇ। ਗੇਂਦੇ ਦੇ ਕਤਲ ਬਾਅਦ ਮਫ਼ਰੂਰੀ ਦਾ ਜ਼ਿਆਦਾ ਸਮਾਂ ਏਧਰ ਮਾਲਵੇ ਦੇ ਪਿੰਡਾਂ ਵਿਚ ਹੀ ਬਿਤਾਉਂਦੇ ਉਦਾਸੀ ਸਾਧ ਬਣਕੇ। ਬੱਪੀਆਣੇ (ਮਾਨਸਾ) ਵਿਚ ਵੀ ਅਕਸਰ ਰਹਿੰਦੇ ਸਨ।ਉਂਝ ਉਹ ਕਿਹੜੀ ਥਾਂ ਐਸੀ ਸੀ ਜਿੱਥੇ ਨਾ ਪਹੁੰਚ ਸਕਦੇ ਹੋਣ ਤੇ ਕੰਮ ਕੋਈ ਵੀ ਉਹਨਾਂ ਲਈ ਔਖਾ ਨਹੀਂ ਸੀ।"

ਓਧਰ ਜਦੋਂ ਚੌਂਕੀ ਦੇ ਹੋਰ ਸਿਪਾਹੀ ਵੀ ਗੇਂਦੇ ਮਗਰ ਭੱਜੇ ਸਨ ਤਾਂ ਉਹਨਾਂ ਦੇ ਅੱਪੜਦਿਆਂ ਤੱਕ ਗੇਂਦੇ ਦਾ ਕੰਮ ਹੋ ਗਿਆ ਸੀ। ਬਾਬੇ ਹੋਰਾਂ ਦੇ ਇਕ ਦਬਕਾੜੇ ਨਾਲ ਉਹ ਪਿਛਾਂਹ ਨੱਸ ਗਏ। ਆਉਂਦਿਆਂ ਹੀ ਉਹਨਾਂ ਗੁਰੂ ਹਰੀ ਸਿੰਘ ਸਮੇਤ ਡੇਰੇ ਵਿਚਲੇ ਸਾਰੇ ਸਿੰਘਾਂ ਨੂੰ ਤਬੇਲੇ ਵਿਚ ਦੇ ਕੇ ਬਾਹਰੋਂ ਜਿੰਦਰਾ ਮਾਰ ਦਿਤਾ। ਪੁਲਸ ਕਪਤਾਨ, ਡੀ.ਸੀ. ਦੋਵੇਂ ਲੁਧਿਆਣੇ ਜ਼ਿਲ੍ਹੇ ਦੇ ਵੱਡੇ ਅੰਗ੍ਰੇਜ਼ ਅਫ਼ਸਰ ਭੈਣੀ ਸਾਹਿਬ ਪਹੁੰਚ ਗਏ ਖ਼ਬਰ ਹੋਣ ਤੇ ਸ਼ਾਮ ਤੱਕ। ਅਫ਼ਸਰਾਂ ਨੇ ਮੱਥੇ 'ਤੇ ਹੱਥ ਮਾਰਿਆ ਸਿਪਾਹੀਆਂ ਦੀ ਕਾਰਵਾਈ ਵੇਖ ਕੇ। ਕਹਿੰਦੇ ਜੇ ਇਹ ਅੰਦਰ ਨਾ ਡੱਕੇ ਹੁੰਦੇ ਤਾਂ ਗੁਰੂ ਹਰੀ ਸਿੰਘ ਨੂੰ ਮੁਕੱਦਮੇ ਵਿਚ ਵਲਿਆ ਜਾ ਸਕਦਾ ਸੀ। ਫਿਰ ਗੁਰੂ ਹਰੀ ਸਿੰਘ ਨੂੰ ਪੁੱਛਿਆ, "ਬਾਬਾ ਸਾਹਿਬ ਹਮਾਰਾ ਆਦਮੀ ਮਾਰ ਦਿਤਾ।" ਉਹਨਾਂ ਕਿਹਾ, "ਇਹ ਕਹਿੰਦੇ ਸੀ ਪਈ ਕੋਈ ਸਾਧ ਮਾਰ ਗਿਆ ਹੈ। ਸਾਨੂੰ ਅੰਦਰ ਨਾ ਡੱਕਦੇ ਤਾਂ ਅਸੀਂ ਘੋੜੀਆਂ ਮਗਰ ਲਾ ਕੇ ਉਸ ਸਾਧ ਦਾ ਪਿੱਛਾ ਕਰਦੇ।"

ਅਫ਼ਸਰਾਂ ਨੇ ਗੁਰੂ 'ਜੀ ਤੇ ਸਿੰਘਾਂ ਨੂੰ ਤਬੇਲਿਉਂ ਬਾਹਰ ਕੱਢਿਆ ਅਤੇ ਭਗਵਾਨ ਸਿੰਘ ਦੇ ਖ਼ਿਲਾਫ਼ ਮੁਕਦਮਾ ਦਰਜ ਕਰਕੇ ਉਹਦੀ ਭਾਲ ਸ਼ੁਰੂ ਕਰ ਦਿੱਤੀ। ਕਾਫ਼ੀ ਚਿਰ ਬਾਦ ਇਕ ਵੇਰ ਫਿਰ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਸੀ, ਅੜਬੰਗੀ। ਲੁਧਿਆਣੇ ਦਾਣੇ ਭੁੰਨਾ ਕੇ ਭੱਠੀ ਤੋਂ ਝੋਲੀ ਵਿਚ ਪੁਆ ਰਿਹਾ ਸੀ ਜਦੋਂ ਸੀ.ਆਈ.ਡੀ. ਵਾਲੇ ਜਿਹੜੇ ਪਿੱਛੇ ਲੱਗੇ ਸਨ, ਉਹਨਾਂ ਜੱਫਾ ਮਾਰ ਲਿਆ। ਫੜਿਆ ਗਿਆ। ਮੁਕੱਦਮਾ ਚੱਲਿਆ। ਉਹ ਕਹਿਣ ਕਿ ਤੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਮਰਹਾਣੇ ਪਿੰਡ ਦਾ ਭਗਵਾਨ ਸਿੰਘ ਕੂਕਾ 'ਹੈਂ ਅਤੇ ਗੇਂਦਾ ਤੂੰ ਕਤਲ ਕੀਤਾ ਹੈ। ਅੜਬੰਗੀ ਆਖੇ, "ਪਈ, ਮੈਂ ਤਾਂ ਉਦਾਸੀ ਸਾਧ ਹਾਂ। ਛੋਟਾ ਹੁੰਦੇ ਨੂੰ ਮਾਂ ਪਿਓ ਸਾਧਾਂ ਦੇ ਡੇਰੇ ਚੜ੍ਹਾ ਗਿਆ ਸੀ। ਮੈਨੂੰ ਨਹੀਂ ਪਤਾ ਕਿਹੜਾ ਮੇਰਾ ਪਿੰਡ ਹੈ ਤੇ ਕਿਹੜਾ ਮਾਂ ਪਿਓ। ਮੈਂ ਭਲਾ ਗੇਂਦਾ ਕਿਉਂ ਮਾਰਨਾ ਸੀ।" ਬੱਪੀਆਣੇ ਪਿੰਡ ਦੀ ਪੰਚਾਇਤ ਵੀ ਲੁਧਿਆਣੇ ਆ ਕੇ ਭਗਤ ਗਈ ਕਿ ਇਹ ਤਾਂ ਸਾਡੇ ਡੇਰੇ ਦੇ ਸੰਤ ਹਨ। ਇਹਨਾਂ ਦਾ ਕੂਕਿਆਂ ਨਾਲ ਕੋਈ ਤਾਅੱਲਕ ਨਹੀਂ। ਫਿਰ ਮਰਹਾਣੇ ਪੁਲੀਸ ਗਈ।

ਮਾਂ ਨੂੰ ਆਖਿਆ ਤੇਰੇ ਪੁੱਤਰ ਨੂੰ ਫਾਂਸੀ ਹੋਣੀ ਹੈ। ਅਖ਼ੀਰਲੇ ਮੇਲੇ ਕਰ ਲੈ। ਉਹ ਵਿਚਾਰੀ ਤੁਰ ਪਈ ਰੋਂਦੀ ਕੁਰਲਾਉਂਦੀ। ਜਦੋਂ ਬਾਬੇ ਹੋਰਾਂ ਵੇਖਿਆ ਪਈ ਨਵੀਂ ਚਾਲ ਚੱਲੀ ਨੇ, ਮਾਂ ਨੂੰ ਲਿਆਉਣ ਵਾਲੀ। ਦੂਰੋਂ ਹੀ ਬੋਲ ਉੱਠੇ, "ਵੇਖੀਂ ਬੁੱਢੜੀਏ "ਮੇਰਾ ਪੁੱਤ ਮੇਰਾ ਪੁੱਤ" ਕਰਕੇ ਬਿਗਾਨੀ ਮਾਂ ਦਾ ਪੁੱਤਰ ਫਾਹੇ ਨਾ ਲੁਆ ਦਈਂ।" ਮਾਤਾ ਵੀ ਤਾੜ ਗਈ। ਨੇੜੇ ਆਈ। ਚੰਗੀ ਤਰ੍ਹਾਂ ਵੇਖ ਚਾਖ ਕੇ ਆਂਹਦੀ, "ਮੇਰੀ ਏਨੀ ਕਿਸਮਤ ਕਿੱਥੇ ਪੁੱਤਰ ਦਾ ਮੂੰਹ ਵੇਖਣ ਵਾਲੀ। ਇਹ ਤੇ ਕੋਈ ਸਾਧ ਏ ਮੇਰਾ ਪੁੱਤਰ ਨਹੀਂ। ਜਿਹੜੇ ਕੂਕਿਆਂ ਨਾਲ ਰਲੇ ਨੇ ਉਹ ਕਦੋਂ ਘਰ ਮੁੜਕੇ ਆਏ ਨੇ।" ਮਾਈ ਚਿਹਰੇ 'ਤੇ ਅਫ਼ਸੋਸ ਅਤੇ ਹਿਰਦੇ ਵਿਚ ਖੁਸ਼ੀ ਲੈ ਕੇ ਘਰ ਪਰਤ ਗਈ। ਮੌਕੇ ਦਾ ਅਗਵਾਹ ਪੀਰਾਂ ਦਿੱਤਾ, ਪੰਜੇਟਿਆਂ ਦਾ ਚੁਮਿਆਰ ਸੀ। ਉਹਨੀਂ ਦਿਨੀਂ ਚੌਦਾਂ ਸੌ ਰੁਪੈ ਗੁਰੂ ਹਰੀ ਸਿੰਘ ਜੀ ਨੇ ਉਹਨੂੰ ਦਿਤੇ। ਉਸ ਅੰਨ੍ਹੇ ਹੋਣ ਦਾ ਸਵਾਂਗ ਧਾਰ ਲਿਆ ਕਿ ਜੀ ਮੈਨੂੰ ਤਾਂ ਦਿਸਦਾ ਨਹੀਂ। ਜੱਜ ਕੋਲ ਹੁਣ ਕੋਈ ਚਾਰਾ ਨਹੀਂ ਸੀ। ਉਹ ਸਾਬਤ ਨਹੀਂ ਸੀ ਕਰ ਸਕਿਆ ਕਿ ਇਹੋ ਭਗਵਾਨ ਸਿੰਘ ਹੈ। ਉਸ ਸਾਧ ਦੀ ਬਿਰਤੀ ਦੀ

ਪਰਖ ਕਰਨ ਲਈ ਇਕ ਦਿਨ ਝੂਠ ਹੀ ਹੁਕਮ ਸੁਣਾ ਦਿਤਾ ਕਿ ਇਕ ਹਫ਼ਤੇ ਨੂੰ ਤੈਨੂੰ ਫਾਹੇ ਲਾ ਦਿਆਂਗੇ। ਓਦਣ ਵੀ ਭਾਰ ਤੋਲ ਲਿਆ। ਜਦੋਂ ਸਤਵਾਂ ਦਿਨ ਆਇਆ ਪੰਜ ਸੇਰ ਭਾਰ ਵਧ ਗਿਆ। ਅਖ਼ੀਰ-ਆਖ਼ਰੀ ਹਥਿਆਰ ਵਰਤ ਕੇ ਕਹਿੰਦਾ "ਭਗਵਾਨ ਸਿੰਘ ਬਰੀ।" ਸਾਧ ਆਪਣੀ ਥਾਂ ਤੇ ਖਲੋਤਾ ਰਿਹਾ। ਆਂਹਦਾ ਜਿਹੜਾ ਭਗਵਾਨ ਸਿੰਘ ਹੋਏਗਾ ਤੁਰ ਜਾਏਗਾ ਅਸੀਂ ਤੇ ਉਦਾਸੀ ਸਾਧ ਹਾਂ। ਉਹਨਾਂ ਆਖਿਆ ਬਾਬਾ ਜਾਹ ਤੂੰ, ਜਿਹੜੀ ਵੀ ਬਲਾ ਏ ਜਾਹ ਤੂੰ, ਤੈਨੂੰ ਬਰੀ ਕੀਤਾ।

ਇਕ ਵੇਰ ਫਿਰ ਜਦੋਂ ਅਤਰੀ ਮਾਈਸਰ ਖ਼ਾਨੇ ਵਾਲੀ ਤੇ ਉਹਦੇ ਡੇਰੇ ਦੇ ਹੋਰ ਬੰਦੇ ਕਤਲ ਹੋ ਗਏ ਸਨ। ਅਤਰੀ ਅਤੇ ਉਹਦੇ ਹੋਰ ਨਾਲਦਿਆਂ ਦੇ ਕਤਲ 1904 ਵਿਚ ਬਾਬਾ ਜਵੰਦ ਸਿੰਘ ਖਿਆਲਾ, ਵਧਾਵਾ ਸਿੰਘ ਝੀਤੇ, ਕਿਸ਼ਨ ਸਿੰਘ ਵਰਨ ਤੇ ਲਾਲ ਸਿੰਘ ਬੱਲੂਆਣਾ ਨੇ ਕੀਤੇ ਸਨ। ਸ਼ੱਕ ਵਿਚ ਰਿਆਸਤ ਪਟਿਆਲਾ ਦੀ ਪੁਲੀਸ ਨੇ ਫਿਰ ਬਾਬੇ ਹੋਰਾਂ ਨੂੰ ਫੜ ਲਿਆ। ਉਹਨਾਂ ਨੂੰ ਇਹ ਤੇ ਪਤਾ ਸੀ ਪਈ ਇਹ ਕਾਰਾ ਕਿਹਨਾਂ ਸਿੰਘਾਂ ਦਾ ਹੈ। ਪਰ ਉਹ ਆਪਣੇ ਮੱਥੇ ਤੇ ਮੁਖ਼ਬਰੀ ਦਾ ਕਲੰਕ ਨਹੀਂ ਸਨ ਲੁਆਉਣਾ ਚਾਹੁੰਦੇ। ਬੜੇ ਤਸੀਹੇ ਦਿਤੇ। ਇਕ ਦਿਨ ਆਪ ਦੇ ਨਲਾਂ ਨਾਲ ਚੋਖਾ ਭਾਰ ਬੰਨ੍ਹ ਦਿਤਾ ਗਿਆ।

ਕਰੀਬ 84 ਬਹਾਰਾਂ ਹੰਢਾ ਚੁਕਿਆ ਸਰੀਰ ਹੁਣ ਬਿਰਧ ਸੀ। ਉਹਨਾਂ ਪੁਲੀਸ ਵਾਲਿਆਂ ਨੂੰ ਆਖਿਆ, ਪਈ ਇਕ ਢੰਗ ਹੈ ਜੇ ਤੁਸਾਂ ਕਾਤਲ ਫੜਣੇ ਹੋਣ।ਮਾਝੇ ਵਿਚ ਜਿੱਥੇ ਕਿਤੇ ਨਾਮਧਾਰੀਆਂ ਦਾ ਮੇਲਾ ਹੋਵੇ, ਮੇਰੇ ਵਲੋਂ ਇਕ ਇਸ਼ਤਿਹਾਰ ਉਥੇ ਲੁਆ ਦਿਓ। ਉਸ ਵਿਚ ਲਿਖਣਾਂ ਕਿ ਸਾਧ ਸੰਗਤ ਜੀ ਮੈਂ ਹੁਣ ਬਿਰਧ ਹੋ ਚੁੱਕਾ ਹਾਂ। ਸਰੀਰ ਤਸੀਹੇ ਹੋਰ ਨਹੀਂ ਝੱਲ ਸਕਦਾ। ਜਿਹਨਾਂ ਸਿੰਘਾਂ ਨੇ ਅਤਰੀ ਵਾਲਾ ਕਾਰਾ ਕੀਤਾ ਹੈ ਜਾਂ ਤਾਂ ਉਹ ਆਪ ਪੇਸ਼ ਹੋ ਜਾਣ, ਨਹੀਂ ਤਾਂ ਫਿਰ ਮੈਂ ਖ਼ੁਦ ਇਹ ਕਤਲ ਆਪਣੇ ਜ਼ੁੰਮੇ ਲੈ ਕੇ ਸ਼ਹੀਦੀ ਬਾਟਾ ਛਕ ਜਾਵਾਂਗਾ। ਇਸ਼ਤਿਹਾਰ ਲੱਗਦਿਆਂ ਹੀ ਸਬੰਧਿਤ ਸਿੰਘ ਪੇਸ਼ ਹੋ ਗਏ ਅਤੇ ਬਾਬੇ ਹੋਰਾਂ ਨੂੰ ਛੱਡ ਦਿਤਾ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਕਰਨ ਤੇ ਇਕ ਵੇਰ ਉਹਨਾਂ ਨੇ ਗਤਕਾ ਖੇਡਿਆ ਸੀ। ਸਰੀਰ ਬਹੁਤ ਬਿਰਧ ਸੀ। ਪਰ ਐਸੀ ਫੁਰਤੀ ਨਾਲ ਪੈਂਤੜਾ ਬਦਲਦੇ ਸਨ ਕਿ ਅਸੀਂ ਸਭ ਮੁੰਡੇ ਖੁੰਡੇ ਜੋ ਵੇਖ ਰਹੇ ਸਾਂ ਦੰਗ ਰਹਿ ਗਏ ਸਾਂ। ਅੜਬੰਗ ਸਿੰਘ ਵਰਗੇ ਸੂਰਮੇ ਜਿਹਨਾਂ ਪੰਥਾਂ ਵਿਚ ਹੁੰਦੇ ਹਨ, ਉਹਨਾਂ ਦੀ 'ਵਾ ਵੱਲ ਵੀ ਕੌਣ ਵੇਖ ਸਕਦਾ ਏ ?

**ਹੋਲਾ ਮਾਂਗੇ ਦਾ:** ਵਿਸਾਖੀ ਤੋਂ ਕੱਤਕ ਤੱਕ ਫਿਰ ਸਤਿਗੁਰੂ ਜੀ ਕਦੇ ਸ੍ਰੀ ਭੈਣੀ ਸਾਹਿਬ ਡੇਰੇ ਅਤੇ ਕਦੇ ਰੋਪੜ ਵਾਲੀ ਨਹਿਰ ਦੇ ਡੇਰੇ 'ਤੇ ਚਲੇ ਜਾਂਦੇ। ਸਰਹਿੰਦ ਨਹਿਰ ਨੂੰ ਹੀ ਏਧਰ ਰੋਪੜ ਵਾਲੀ ਨਹਿਰ ਆਖਦੇ ਹਨ। ਦਿਵਾਲੀ ਦੇ ਲਾਗੇ ਹਰ ਸਾਲ ਦੌਰਾ ਅੰਮ੍ਰਿਤਸਰ ਵੱਲ ਤੁਰ ਪੈਂਦਾ ਸੀ। ਇਸ ਵਰ੍ਹੇ 1969 ਬਿਕ੍ਰਮੀ ਦਾ ਹੋਲਾ ਮਹੱਲਾ ਗੁਰੂ ਮਾਂਗਾ ਜ਼ਿਲਾ ਲਾਹੌਰ ਵਿਚ ਹੋਇਆ ਸੀ। ਇਹ ਹੋਲਾ ਮਾਂਗੇ ਦੇ ਸੰਤ ਸਮਾ ਸਿੰਘ ਹੋਰਾਂ ਬੜੇ ਜ਼ੋਰ ਨਾਲ ਲਿਆ ਸੀ।

ਲੋਕ ਹੈਰਾਨ ਸਨ ਕਿ ਇਹ ਪਾਟੀ ਕੱਛ ਵਾਲਾ ਸਿੱਖ ਹੋਲਾ ਮੰਗਦਾ ਏ। ਪਰ ਜਿਥੇ ਰਿਧੀਆਂ ਸਿਧੀਆਂ ਸੰਗਤ ਦੀ ਸੇਵਾ ਵਿਚ ਖਲੋਤੀਆਂ ਰਹਿੰਦੀਆਂ ਹੋਣ ਉਥੇ ਭੰਡਾਰ ਭਰੇ ਹੁੰਦੇ ਹਨ। ਇਸ ਹੋਲੇ ਨੇ ਸਾਬਤ ਕੀਤਾ ਕਿ 'ਕੇ ਸਿੱਖਾਂ ਵਿਚ ਕਿੰਨੀ ਤਾਕਤ ਹੈ। ਬਾਕੀ ਸੰਤਾਂ ਦਾ ਭਾਈਚਾਰਾ ਸਾਰਾ ਪਿੰਡ ਵੀ ਤਕਰੀਬਨ ਉਨ੍ਹਾਂ ਦੇ ਮਗਰ ਸੀ। ਹੋਲਾ ਸ਼ਾਨ ਨਾਲ ਸਮਾਪਤ ਹੋਇਆ। ਕਿਸੇ ਗੱਲ ਦੀ ਤੋੜ ਨਾ ਆਈ। ਇਸ ਹੋਲੇ ਤੇ ਮਾਈ ਜਿਊਣ ਕੌਰ ਜੀ ਵੀ ਗਏ ਸਨ। ਹੋਲੇ ਦੀ ਸਮਾਪਤੀ 'ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਬਾ ਵੀਰ ਸਿੰਘ ਭੋਮੇ ਵਡਾਲੀਏ,ਅਰੂੜ ਸਿੰਘ ਜਰਗਰ (ਰਿਆਸਤ ਪਟਿਆਲਾ) ਅਤੇ ਮੈਨੂੰ ਹੁਕਮ ਕੀਤਾ ਕਿ ਤੁਸੀਂ ਵਲਟੋਹੇ ਵਲੋਂ ਜਾਓ ਅਤੇ ਉਥੋਂ ਗਾਂ ਤੇ ਇਕ ਮੱਝ ਲੈ ਕੇ, ਜੋ ਕਿਸੇ ਸਿੰਘ ਨੇ ਮੱਥਾ ਟੇਕੀਆਂ ਸਨ, ਭੈਣੀ ਸਾਹਿਬ ਪੁੱਜ ਜਾਣਾ। ਸਤਿਗੁਰੂ ਜੀ ਅੰਮ੍ਰਿਤਸਰ ਵਿਸਾਖੀ ਦਾ ਮੇਲਾ ਕਰਕੇ ਸ੍ਰੀ ਭੈਣੀ ਸਾਹਿਬ ਆ ਗਏ। ਛਿਮਾਹੀ ਫਿਰ ਭੈਣੀ ਸਾਹਿਬ ਕੱਟੀ। ਇਸ ਸਮੇਂ ਦੌਰਾਨ ਅੰਬਾਂ ਦੇ ਮੌਸਮ ਵਿਚ ਕਦੇ ਕਦੇ ਮੈਣ ਦੁਆਬੇ ਵਲੋਂ ਹੋ ਆਉਂਦੇ ਸਨ।

**ਪਹਿਲਾ ਚਾਲ੍ਹੀਆ ਨਹਿਰ 'ਤੇ:** 1970 ਬਿਕ੍ਰਮੀ ਨੂੰ ਭਾਦਰੋਂ ਦੇ ਮਹੀਨੇ ਸਤਿਗੁਰੂ ਜੀ ਨੇ ਨਹਿਰ 'ਤੇ ਪਹਿਲਾ ਚਾਲ੍ਹੀਆ ਕੁੱਟਿਆ। ਇਸ ਚਾਲ੍ਹੀਏ ਵਿਚ ਆਪ ਅੱਠ ਪਹਿਰੀਂ ਚੌਲ ਛਕਦੇ ਸਨ। ਅਲਪ ਅਹਾਰੀ ਰਹਿੰਦੇ। ਦੁੱਧ ਗੋਕਾ ਜਾਂ ਬੱਕਰੀਆਂ ਦਾ ਛਕਦੇ। ਤੜਕੇ ਇਕ ਵਜੇ ਉਠਦੇ। ਨਹਿਰ ਵਿਚੋਂ ਇਸ਼ਨਾਨ ਸੋਧ ਕੇ ਆਪਣਾ ਭਜਨ ਬਾਣੀ ਕਰਦੇ ਅਤੇ ਸੂਰਜ ਦੀ ਟਿਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾ ਕੇ ਅਰਦਾਸਾ ਕਰਨ ਬਾਅਦ ਜਲ ਪਾਣੀ ਛਕਦੇ ਅਤੇ ਫਿਰ ਆਰਾਮ ਕਰਦੇ ਕੁਝ ਸਮਾਂ। ਫਿਰ ਅਖਾੜੇ ਵਿਚ ਜੋਰ ਕਰਕੇ ਦੁਬਾਰਾ ਇਸ਼ਨਾਨ ਸੋਧ ਕੇ ਪ੍ਰਸ਼ਾਦ ਪਾਣੀ ਛਕਕੇ, ਬਿਰਾਜਦੇ।

**ਚਲਦਾ.....**

# Education – A Blessing

**-Manpreet Kaur**
Mobile- 8929201405

It is common wisdom that when we light a lamp, it banishes darkness. The example is extended to literacy and learning to say that worldwide it has been a common experience of people that education of people makes them knowledgeable. It helps the poor and socially marginalized sections of the society to improve their income and earning capacity. In the metaphor, the darkness denotes illiteracy, ignorance and poverty; the lamp being the literacy, education and knowledge of the people.

The message is well understood by us individually, and collectively as society, that illiteracy among the people anywhere is a cause of chronic poverty, which most often prevails for centuries and generations. It is also well known through internationally recognized research and studies that most debilitating ills of large swaths of humanity flow form illiteracy-linked poverty. It is a curse for those mired in it and also for the society and the nations at large.

Literacy and education have been found to be one sure cure to lift masses of people out of poverty. The social scientists prefer to use the term literacy as it can be measured by the number of citizens receiving education at schools, colleges and universities. Education on the other hand is wider term and embraces qualities that a student imbibes at these institutions along with the literary lessons and studies in the classrooms. For most discussions in public, the terms literacy and education are used interchangeably.

It is thus established that one of the primary causes for poverty is the lack of education. Throughout the world, poverty and illiteracy are seen to exist together. They go hand in hand. Illiteracy leads to ignorance due to lack of education and learning, and this is the root cause of most ills among the poor sections of a society. Social scientists tell us that ignorance and the prevalence of poverty are the common visible manifestations of illiteracy.

The people trapped in poverty do not have the educational qualifications for gainful employment. They lack earning capacity to meet the day-to-day expenses of even the basic needs to maintain themselves and their families. They do not possess the mental and physical skills and are not employable for the jobs available in the industry and corporate sectors.

They only have their manual labor to offer and do low-end unskilled or at best the semi-skilled jobs, with low compensation. They can do such jobs only when they are able bodied and fit for manual work. The society labels them as poor people. The Hindi term Nirdhan, meaning one without money, aptly describes a poor person. Such persons do not have regular salaried jobs where the employees are paid monthly and thus do not

have money to buy for their needs.

They earn low wages and their families thus do not have access to good houses, clean piped water, air and ventilation, hygienic environment, medical and healthcare, security of life and limb. wholesome nutrition and good schooling. Their living conditions often lead to sickness and disease but they lack financial means to access the clinics and hospitals for treatment and regain health. The life expectancy of this section of our society is lower than the well to do segments of the society. The productive years of such people are also less than the people who earn enough to provide for themselves and their families. Most of them are day wagers. They earn for the day they work. When they fall sick and do not work, they do not earn for the days missed.

Often such untreated health problems become chronic with time and become more serious and limit their ability to work, causing loss of income. Poor are thus pushed to the margins of the society and find it almost impossible to break out of the vicious hold of poverty.

It is the common experience of all mankind through centuries of civilizations in different parts of the world that education is a remedy against ignorance and poverty. It works without exception. All sections of mankind agree that education is a sure way to pull the poor out of poverty. Education provides access to gainful employment and therefore access to money, a basic resource for living in a civilized society.

Once out of poverty, the individuals become suitable for employment and are able to work and earn their living by respectful means. They join the mainstream and become productive citizens of the society and the country. They contribute towards healthy functioning of various organs of the state in whatever jobs they are employed. The educated people, both men and women, become workers, supervisors, superintendents, scientists, technologists, engineers, educators, leaders, thinkers, lawyers, doctors and help develop society in all spheres of life.

It is recognized that education leads to learning and knowledge. All the progress and development of mankind over the past millenia is attributable to learning through organised system of providing education from the young age. Knowledge is now divided into many departments, subjects and branches. Through successive research and development in education and science over centuries man has made strides in medicine, mathematics, languages, finance, banking, astronomy, automation, travel, engineering, technology, space travel, computers, artificial intelligence and such other fields.

Benefits of education are many. For our society, where there is still a sizeable section shackled in poverty, we focus in this article on the benefits of education in alleviating poverty. Illiteracy is one fundamental reason and the root cause for the prevailing poverty. The governments at the center and state level, and also the private institutions, are constantly engaged in providing education to the illiterate. There are

programs which promote literacy among the adult population who missed schooling in their childhood. For those who have missed their schooling at young age, such opportunities are provided by the state through adult literacy programs and opportunities.

By and large, our people have understood the benefits of education and also the ills of illiteracy. As a thumb rule it is said that on average an educated person earns three times more than an uneducated person over a life-time. With the additional financial resources that become available to him or her, an educated person leads a better living standard for self and family than an illiterate person.

Our scriptures enshrine this common wisdom which has been common and true in all ages. The wise sages conclude that the education functions as the financial resource of a poor man. Money is thus called Sarbsadhan, meaning a resource which commands all other resources and solves most problems confronted by the living in their life. A person with money can buy whatever he needs and thus commands all other resources.

It is also said that a scholar can earn money in his native country as well as in a foreign land just from his knowledge and wisdom acquired from education. An educated person is respected everywhere for his knowledge. It is an established fact that any human society has permanent and standing need for the educated, wise and knowledgeable scholars, even if such a person is a foreigner and not a native. There is never a time in a human society when there are enough learned people and more are not needed.

The scriptures also point out that education and learning are personal to an individual. Once acquired they become part of him or her. They go with him wherever he goes. Also, like other material possessions the learning and knowledge cannot be stolen. A much-valued quality we acquire from education, knowledge and wisdom, is discretion, commonly referred in our scriptures as 'Vivek'.

With the quality of discretion or Vivek we are able to differentiate right from wrong in a situation when an uneducated mind would be confused to make the right choice. With discretion, we avoid the pitfall of making a wrong decision and then suffering its manifold harmful consequences. These may be financial loss, hurting or damaging a relationship or even a physical injury and hurt. The consequences of a wrong decision can be much more serious, and often which are totally unintended. The only way to acquire knowledge is through learning it from a teacher.

The hard statistics also support the conclusion that education leads to higher earnings, wealth creation and property. In 2004-5, the national census of India revealed different levels of poverty among our population at about 71.4 percent. In 2011-12 it had come down to 21.8 percent. It is also known that during this period the literacy among our people has also been steadily

increasing. In 2004 the literacy among the Indian people was 61 % and in 2011 it had improved to 74.04 %. It should have come down further over the twelve years since then.

It can be seen from these figures that as the literacy levels increased among our people there was a corresponding reduction in the poverty levels. The literacy level for the year 2023 is 77.7 %. There have been further improvements in the literacy since and the figure for the year 2021 in the public domain is 14.96 %.

The broad correlation between improvement in literacy and improvement in the financial earnings of our people pulling them out of poverty and putting them in the middle-income group is clearly established.

There is something more that these statistics do not reveal. The shift of such large number of our population out of poverty means they have increased access to money for the family. This access to improved financial resources would lead the individual and the family further to better education and schooling for the young of the family, access to higher education, better occupational training, better job opportunities, better nutrition, improved health, better living conditions, access to preventive health issues and better access to qualified medical help and assistance when needed. Once a family breaks out of the grips of poverty, it redoubles its effort to educate its young and ensures that it stays out of poverty by an upward mobility to better life.

We have seen, so far, the benefits of basic education for the people at the lower rungs of the society. This is needed but as a developing and aspiring nation, it is not enough. As a nation, we also need to focus on excellence in all departments of education. There is also a need for our students to achieve excellence in their learning. Entering institutions of higher learning and giving average performance do not tap the full potential of the youth nor the society and the nation at large.

It is beyond doubt that rooting out illiteracy is one huge basic and essential objective for us. We have succeeded in this effort to a large extent, though some work still remains to be done. There is little doubt that illiteracy will be wiped out from our country in our lifetimes. Now we must focus on excellence in all fields and at all levels of education to attain international standards and make qualitative difference to the science, technology, medicine, space sciences, manufacture, semiconductors, chemicals, agriculture and other areas of significance. Excellence demands hard work by the students and the educated minds at all levels. There is no alternative.

It is an irony that while there is unemployment in the country, we often read reports of statements by the captains of industry that they have the jobs but there are no candidates with employable qualifications and skills needed for the jobs. There is little point in producing diploma holders, graduates and post graduates who do not match the employment needs of the industry and the job market.

**to be continued page No. 34**

# Sikh ethics sees self-centredness as the source of human evil



**Keshav Singh**
Assistant professor of philosophy
University of Alabama, Birmingham

Sikhism places unity over individualism, offering a different perspective on the big questions of Western moral philosophy

As a moral philosopher, I spend a lot of time thinking and writing about questions such as 'What is it to be a good person?' and 'How should we treat other people?' During my philosophical training, I learned what philosophers such as Plato, Aristotle, Immanuel Kant and John Stuart Mill had to say about these questions. But this wasn't the first exposure I had to moral questions. Like many people, I grew up in a religious household, and what I was taught about ethics came from the religious tradition I was raised in.

I'm a Sikh, and I was raised in the Sikh religious tradition. Long before I was exposed to the works of any Western philosophers, I looked to the teachings of the Sikh gurus, enshrined in our scripture, Sri Guru Granth Sahib Ji, for moral guidance. This has recently got me thinking: how does Sikhism approach the 'big questions' of Western moral philosophy?

Before I go on, a brief introduction to Sikhism for those who are unfamiliar with it. Sikhism is the world's fifth-largest organised religion, with around 25-30 million practitioners. It's also one of the youngest of the major world religions: it was founded by Guru Nanak Dev Ji, who lived in the 15th and 16th centuries, and became the first of 10 Sikh gurus. Sikhs believe that the Divine is a fundamental unity underlying all of reality, and that, as manifestations of that Divine unity, all people are equal. Sri Guru Granth Sahib Ji tells us: 'Look upon all with equality, for the Divine Light resides in everyone.'

According to the Sikh worldview, the whole is prior to its parts. The level of reality at which we are all individuals is a *less* fundamental reality than the level at which we are all One. This is a different worldview from that of most philosophers in the Western canon, who have usually posited the individual as fundamental. Western philosophers tend to think of the parts (us) as prior to the whole (if any whole even exists).

Correspondingly, the Sikh tradition ends up giving a different story about morality from most of Western philosophy, one that's grounded in a belief in the fundamental unity of all things. Central in that story is the concept of *haumai*, which literally translates as 'I am'.

*Haumai* is a person's false sense of themselves as singularly important, that the world revolves around them, and that the experiences, wants and needs of others are somehow less real or significant than their own.

According to Sikh scripture, *haumai* is the source of all injustice and human evil. It leads us to fail to recognise that other people share the very same ethical significance we have. The more consumed we are by *haumai*, the more we focus on our own wants and needs at the expense of our concern for others. At the extreme, we start to think of ourselves as the only ones who matter at all. Sri Guru Granth Sahib Ji tells us that 'those who have virtue as their treasure destroy *haumai*'. *Haumai* is also the main obstacle to achieving spiritual enlightenment, which is a matter of apprehending and connecting with the Divine. And we connect with the Divine by recognising the sense in which we are fundamentally all One. *Haumai*, then, is essentially an excessive sense of individuality that leads us to misperceive reality. And this leads to an important insight: failing to care for others and treat them well quite literally gets things wrong, by manifesting the false view that we are all disconnected individuals, and that one person's wants and needs can have a significance that others' wants and needs don't.

Now, recall that this whole story about morality starts from the belief that we are fundamentally all One. So, it isn't a story that's available to philosophers who view the individual as fundamental. If the individual is fundamental, then we can't point to any underlying unity or oneness among us all to explain why we ought to treat each other in certain ways, or why the wants and needs of others are significant in just the same ways ours are. In other words, positing the individual as fundamental ends up making it difficult to explain morality.

To be clear, I'm not suggesting that Sikhism eschews individuality altogether. In fact, the Sikh gurus were highly critical of religious practices of the time that involved trying to somehow negate the self and destroy one's individuality. Ascetic practices, such as ritual bathing and self-mortification, are decried in Sikh scripture as not just self-indulgent, but self-undermining. No matter how much one might try to negate one's self in these ways, one only focuses more on one's own individuality, and one's sense of personal importance separate from that of anyone else. This ends up constituting its own form of *haumai*.

Instead of trying to negate the self, Sikh scripture preaches recognising oneself as part of a unified whole through the practice of treating all as One. We can't make ourselves good people simply by training ourselves to think pure thoughts. We have to go out in the world and do good for others. Only through this practice can we come to truly apprehend the fundamental unity behind everyone and everything.

**How do we engage** in the practice of treating all as One? The answer is relatively simple: by treating others as having the very same kind of ethical significance as we do. This

means not only doing good deeds, but doing those deeds *for the sake* of others. A good deed done out of selfish motives has no moral value; if one does good deeds out of a desire for status or recognition, one acts out of *haumai*.

Rather than helping us to recognise our interconnection with others, acting out of *haumai* can only perpetuate our separation from others. That's why, in the Sikh tradition, the idea of *seva* (selfless service) is so important. We have to *practise* seeing all as One by doing good deeds for others for their own sakes. We can't do it just by having the right views, and we can't do it by doing the right things for the wrong reasons.

Sikh scripture also discusses the kinds of impulses we all have to fight against that keep us in *haumai* and cut us off from ultimate reality. The 'five thieves' are vices of character that, metaphorically speaking, plunder our souls. These five vices can be very roughly translated as (objectifying) lust, wrath, greed, attachment and arrogance. All of them degrade our character, and they all do so by manifesting *haumai*. Whether through sexual objectification, material greed or emotional possessiveness, when we manifest these vices, we fail to see the world around us through any lens but that of our own selfish concerns. We fail to accord anyone else any importance that doesn't reduce to the importance we accord ourselves.

All of these familiar vices are ways of failing to care appropriately about others, and so failing to comprehend the sense in which we are all radically interconnected. To rid ourselves of these vices, to rid ourselves of *haumai*, we need to treat others not as mere objects there for us, as subjects, to use and manipulate, but rather as parts of the very same whole that we ourselves belong to. In other words, to rid oneself of *haumai*, one needs to stop expressing 'I am, I am', with one's actions and start expressing 'We are.' But what does this practice look like more specifically? What particular kinds of actions should we undertake to rid ourselves of *haumai*?

One thing that is very clear is that our *seva*, our undertaking of good deeds for the sake of others, can't be parochial. To rid ourselves of *haumai*, we can't focus solely on doing good for people of the same race, religion or social class. Sikh scripture enjoins us to 'look upon all with equality, for the Divine Light resides in everyone'. This means we must recognise the equal moral standing of everyone. It's not enough for our deeds to be benevolent; they also must be egalitarian.

The Sikh gurus were committed to fighting against oppressive social structures of their time, such as the caste system and *sati* (the practice of forcing widows to take their own lives). Following their example, Sikhs are called to see systems of oppression and injustice as methods of enacting hierarchies that divide us and disconnect us from each other, and to fight against those systems. The desire to gain status and power over others is a clear manifestation of *haumai*, the false sense of ourselves as somehow fundamentally more important than others.

The gurus also created the institutions

of *kīrtan* (collective singing) and *langar* (communal dining) with the goals of negating inegalitarian social structures and encouraging the equal treatment of all people. These practices continue to be central to Sikhism, with the goal of encouraging egalitarian and social-justice-minded thinking. Of course, the moral ideals of eradicating *haumai* are not easy to embody, as the Sikh gurus recognised: as conscious beings with our own first-personal subjectivity, we are psychologically disposed to see the world from our own perspective, through the lens of our own wants and needs. According to Sikh scripture, we must transcend this human impulse toward *haumai* by contemplating the oneness of all, reciting the name of the unified Divine, and exemplifying these commitments in our ethical conduct.

In this way, leading an ethical life is a constant struggle against our own self-centred tendencies, and we should expect ourselves to regularly fall short. I know I certainly do. Living in a capitalist society that prizes individualism and competition, it often feels like the world is so suffused with *haumai* that it is inescapable. But the gurus recognised this too: 'Engrossed in *haumai*,' says Sri Guru Granth Sahib Ji, 'the world perishes.' Despite this, Sikhs are exhorted to maintain a spirit of *chardi kala* – eternal optimism. To fall into cynicism or despair would be its own form of *haumai*. This is why we Sikhs wear our distinctive articles of faith. Every day, when I tie my turban, I am reminded that, even when I feel powerless against the tides of darkness and separation, I must renew commitment to fighting for unity, justice and equality. And when others see my turban, I want them to know these commitments and hold me to them. For if there is one thing the Sikh ethical tradition teaches us, it is that only by being good to others can we truly become good ourselves.

..........................................................

## Education – A Blessing

This needs immediate attention by the state, the industry and the academia to modify the curriculum and ensure that the youth is educated and skilled to be readily employed by the nation. The industry has to compete in the international market. They must make quality products at competitive prices. This will be possible only with better and qualified youth passing out from the universities, industrial training institutes and institutes of technologies.

At times, students going for higher education need financial support to continue their education. The government and the financial institutions like banks have a mandate to finance the education and especially the higher education to ensure that the brilliant minds are not deprived of opportunities to reach their full potential. This is in our long-term national interest.

India thus needs both, the basic education and the excellence in education. There is evidence that our country and countrymen understand what needs to be done. We only have to march ahead with dedication, determination and will to succeed.

......................................................

# ਕਾਵਿ-ਕਿਆਰੀ

## ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ

ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ।
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ।

ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ਼ ਤੁਰਨਾ, ਕੰਢੀਆਂ ਨੇ ਰੋਜ਼ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ।

ਚੰਨ ਤਾਰਿਆਂ ਦੀ ਲੋਏ, ਇਕਰਾਰ ਜਿਹੜੇ ਹੋਏ
ਤਾਰੇ ਉਨਾਂ ਤੇ ਹੱਸੇ ਦੀਵੇ ਉਨਾਂ 'ਤੇ ਰੋਏ
ਟੁੱਟਦੇ ਕਰਾਰ ਦੇਖੇ, ਅਸਾਂ ਬੇਸ਼ੁਮਾਰ ਦੇਖੇ
ਲਫਜਾਂ ਦਾ ਬਣਿਆ ਦੇਖੀਂ ਕੱਲ ਇਹ ਮਹਿਲ ਵੀ ਢਹਿਣਾ।

ਇਨ੍ਹਾਂ ਦੀਵਿਆਂ ਨੂੰ ਦੱਸ ਦੇ, ਇਨਾਂ ਤਾਰਿਆਂ ਨੂੰ ਕਹਿ ਦੇ
ਇਨ੍ਹਾਂ ਹੱਸਦੇ ਰੋਂਦਿਆਂ ਨੂੰ ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵਲੋਂ ਦੀਵੇ, ਈਮਾਨ ਵਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ।

ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨ ਜਾਣੀਂ
ਤੇਰੇ ਪਾਣੀਆਂ ਤੇ ਤਰਨੀ ਇਸ ਪਿਆਰ ਦੀ ਕਹਾਣੀ
ਹੈ ਝੂਠ ਮਰ ਗਏ ਉਹ, ਡੁੱਬ ਕੇ ਤਾਂ ਤਰ ਗਏ ਉਹ
ਨਿੱਤ ਲਹਿਰਾਂ ਤੇਰੀਆਂ ਨੇ ਪਾ ਪਾ ਕੇ ਸ਼ੋਰ ਕਹਿਣਾ।

..................................................

## ਹਨੇਰੀ ਵੀ ਜਗਾ ਸਕਦੀ ਹੈ ਦੀਵੇ

ਹਨੇਰੀ ਵੀ ਜਗਾ ਸਕਦੀ ਹੈ ਦੀਵੇ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ
ਜੇ ਸਾਰੇ ਹੋਰ ਦੀਵੇ ਬੁਝ ਨ ਜਾਂਦੇ
ਤਾਂ ਦੀਵਾ ਦਿਲ ਦਾ ਇਉਂ ਜਗਣਾ ਨਹੀਂ ਸੀ

ਜੇ ਮੇਰੇ ਸਿਰ 'ਤੇ ਇਉਂ ਸੂਰਜ ਨਾ ਤਪਦਾ
ਮੈਂ ਝੂਠੀ ਸ਼ਾਨ ਵਿਚ ਰਹਿੰਦਾ ਚਮਕਦਾ
ਕਿਸੇ ਚੋਟੀ ਤੇ ਠਹਿਰੀ ਬਰਫ ਹੁੰਦਾ
ਮੈਂ ਬਣ ਕੇ ਨੀਰ ਇਉਂ ਵਗਣਾ ਨਹੀਂ ਸੀ

ਹਵਾ ਮੇਰੇ ਮੁਖਾਲਿਫ ਜੇ ਨ ਵਗਦੀ
ਜੇ ਮੇਰੇ ਘਰ ਨੂੰ ਵੀ ਅਗਨੀ ਨ ਲਗਦੀ
ਕਿਹੀ ਫਿਤਰਤ ਤਮਾਸ਼ਾਈ ਹੈ ਜੱਗ ਦੀ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ

ਅਜਬ ਸੀਨੇ 'ਚ ਅੱਜ ਵੀਰਾਨਗੀ ਹੈ
ਜੋ ਸੀਨੇ ਨਾਲ ਲੱਗੀ ਸਾਨਗੀ ਹੈ
ਜੇ ਇਸ ਦੇ ਦਿਲ 'ਚ ਸੁੰਨਾਪਨ ਨ ਹੁੰਦਾ
ਤਾਂ ਇਸ ਤੋਂ ਮੇਰਾ ਸੁਰ ਲੱਗਣਾ ਨਹੀਂ ਸੀ

ਜੇ ਮੁੱਕਦੀ ਚਾਰ ਦਿਨ ਦੀ ਚਾਨਣੀ ਨਾ
ਕਲੇਜਾ ਇੰਜ ਹੁੰਦਾ ਛਾਨਣੀ ਨਾ
ਤਾਂ ਮੈਨੂੰ ਚਾਨਣਾ ਹੋਣਾ ਨਹੀਂ ਸੀ
ਕਦੇ ਸੱਚ ਦਾ ਪਤਾ ਲੱਗਣਾ ਨਹੀਂ ਸੀ

..................................................

## ਸ਼ਹੀਦ

ਉਸ ਨੇ ਕਦ ਕਿਹਾ ਸੀ ਮੈਂ ਸ਼ਹੀਦ ਹਾਂ
ਉਸ ਨੇ ਸਿਰਫ਼ ਇਹ ਕਿਹਾ ਸੀ
ਫਾਂਸੀ ਦਾ ਰੱਸਾ ਚੁੰਮਣ ਤੋਂ ਕੁਝ ਦਿਨ ਪਹਿਲਾਂ
ਕਿ ਮੈਥੋਂ ਵੱਧ ਕੌਣ ਹੋਵੇਗਾ ਖੁਸ਼ਕਿਸਮਤ
ਮੈਨੂੰ ਅੱਜ-ਕੱਲ੍ਹ ਨਾਜ਼ ਹੈ ਆਪਣੇ ਆਪ 'ਤੇ
ਹੁਣ ਤਾਂ ਬੜੀ ਬੇਤਾਬੀ ਨਾਲ
ਆਖਰੀ ਇਮਤਿਹਾਨ ਦੀ ਉਡੀਕ ਹੈ ਮੈਨੂੰ
ਤੇ ਆਖਰੀ ਇਮਤਿਹਾਨ ਵਿਚੋਂ
ਉਹ ਇਸ ਸ਼ਾਨ ਨਾਲ ਪਾਸ ਹੋਇਆ
ਕਿ ਮਾਂ ਨੂੰ ਨਾਜ਼ ਹੋਇਆ ਆਪਣੀ ਕੁੱਖ 'ਤੇ
ਉਸ ਨੇ ਕਦ ਕਿਹਾ ਸੀ : ਮੈਂ ਸ਼ਹੀਦ ਹਾਂ

ਸ਼ਹੀਦ ਤਾਂ ਉਸ ਨੂੰ ਧਰਤੀ ਨੇ ਕਿਹਾ ਸੀ

ਡਾ. ਸੁਰਜੀਤ ਸਿੰਘ

ਸ਼ਹੀਦ ਤਾਂ ਉਸ ਨੂੰ ਸਤਲੁਜ ਦੀ ਗਵਾਹੀ ਤੇ
ਪੰਜਾਂ ਪਾਣੀਆਂ ਨੇ ਕਿਹਾ ਸੀ
ਗੰਗਾ ਨੇ ਕਿਹਾ ਸੀ
ਬ੍ਰਹਮਪੁੱਤਰ ਨੇ ਕਿਹਾ ਸੀ ਉਸ ਨੂੰ ਸ਼ਾਇਦ
ਸ਼ਹੀਦ ਤਾਂ ਉਸ ਨੂੰ ਰੁੱਖਾਂ ਦੇ ਪੱਤੇ-ਪੱਤੇ ਨੇ ਕਿਹਾ ਸੀ

ਤੁਸੀਂ ਹੁਣ ਧਰਤੀ ਨਾਲ ਲੜ ਪਏ ਹੋ
ਤੁਸੀਂ ਹੁਣ ਦਰਿਆਵਾਂ ਨਾਲ ਲੜ ਪਏ ਹੋ
ਤੁਸੀਂ ਹੁਣ ਰੁੱਖਾਂ ਦੇ ਪੱਤਿਆਂ ਨਾਲ ਲੜ ਪਏ ਹੋ
ਮੈਂ ਬਸ ਤੁਹਾਡੇ ਲਈ ਦੁਆ ਹੀ ਕਰ ਸਕਦਾ ਹਾਂ
ਕਿ ਰੱਬ ਤੁਹਾਨੂੰ ਬਚਾਵੇ
ਧਰਤੀ ਦੀ ਬਦਸੀਸ ਤੋਂ
ਦਰਿਆਵਾਂ ਦੀ ਬਦਦੁਆ ਤੋਂ
ਰੁੱਖਾਂ ਦੀ ਹਾਅ ਤੋਂ।

..................................................

## ਮਰ ਰਹੀ ਹੈ ਮੇਰੀ ਭਾਸ਼ਾ

ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ ਵਾਕ ਵਾਕ
ਅੰਮ੍ਰਿਤ ਵੇਲਾ
ਨੂਰ ਪਹਿਰ ਦਾ ਤੜਕਾ
ਧੰਮੀ ਵੇਲਾ
ਪਹੁ-ਫੁਟਾਲਾ
ਛਾਹ ਵੇਲਾ
ਸੂਰਜ ਸਵਾ ਨੇਜ਼ੇ
ਟਿਕੀ ਦੁਪਹਿਰ
ਲਉਢਾ ਵੇਲਾ
ਡੀਗਰ ਵੇਲਾ
ਲੋਏ ਲੋਏ
ਸੂਰਜ ਖੜੇ ਖੜੇ
ਤਰਕਾਲਾਂ
ਡੂੰਘੀਆਂ ਸ਼ਾਮਾਂ
ਦੀਵਾ ਵੱਟੀ
ਖਉਪੀਆ
ਕੌੜਾ ਸੋਤਾ
ਢੱਲਦੀਆਂ ਖਿੱਤੀਆਂ
ਤਾਰੇ ਦਾ ਚੜ੍ਹਾਅ
ਚਿੜੀ ਚੂਕਦੀ ਨਾਲ ਸਾਝਰਾ,
ਸੁਵਖ਼ਤਾ,
ਸਰਘੀ ਵੇਲਾ
ਘੜੀਆਂ, ਪਹਿਰ, ਬਿੰਦ, ਪਲ, ਛਿਣ, ਨਿਮਖ
ਵਿਚਾਰੇ ਮਾਰੇ ਗਏ
ਇਕੱਲੇ ਟਾਈਮ ਹੱਥੋਂ
ਇਹ ਸ਼ਬਦ ਸਾਰੇ
ਸ਼ਾਇਦ ਇਸ ਲਈ
ਕਿ ਟਾਈਮ ਕੋਲ ਟਾਈਮ-ਪੀਸ ਸੀ
ਹਰਹਟ ਕੀ ਮਾਲਾ,
ਚੰਨੇ ਦਾ ਉਹਲਾ,
ਗਾਧੀ ਦੇ ਹੂਟੇ
ਕਾਂਜਣ, ਨਿਸਾਰ, ਔਲੂ
ਚੱਕਲੀਆਂ, ਬੂੜੇ, ਭਰ ਭਰ ਡੁੱਲ੍ਹ ਦੀਆਂ ਟਿੰਡਾਂ
ਇਹਨਾਂ ਸਭਨਾਂ ਨੇ ਤਾਂ ਰੁੜ੍ਹ ਹੀ ਜਾਣਾ ਸੀ
ਟਿਊਬ-ਵੈੱਲ ਦੀ ਧਾਰ ਵਿਚ
ਮੈਨੂੰ ਕੋਈ ਹੈਰਾਨੀ ਨਹੀਂ
ਹੈਰਾਨੀ ਤਾਂ ਇਹ ਹੈ ਕਿ
ਅੰਮੀ ਤੇ ਅੱਬਾ ਵੀ ਨਹੀਂ ਰਹੇ
ਬੀਜੀ ਤੇ ਭਾਪਾ ਜੀ ਵੀ ਤੁਰ ਗਏ
ਦਦੇਸਾਂ ਫਫੇਸਾਂ ਮਮੇਸਾਂ ਦੀ ਗੱਲ ਹੀ ਛੱਡੋ
ਕਿੰਨੇ ਰਿਸ਼ਤੇ
ਸਿਰਫ਼ ਆਂਟੀ ਤੇ ਅੰਕਲ ਨੇ ਕਰ ਦਿੱਤੇ ਹਾਲੋਂ ਬੇਹਾਲ
ਤੇ ਕੱਲ੍ਹ ਕਹਿ ਰਿਹਾ ਸੀ
ਪੰਜਾਬ ਦੇ ਵਿਹੜੇ ਵਿਚ ਇਕ ਛੋਟਾ ਜਿਹਾ ਬਾਲ
ਪਾਪਾ ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ ਫ਼ਾਲ
ਹਾਂ ਬੇਟਾ, ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ
ਫ਼ਾਲ
ਮਰ ਰਹੀ ਹੈ ਅਪਣੀ ਭਾਸ਼ਾ
ਪੱਤਾ ਪੱਤਾ ਸ਼ਬਦ ਸ਼ਬਦ
ਹੁਣ ਤਾਂ ਰੱਬ ਹੀ ਰਾਖਾ ਹੈ
ਮੇਰੀ ਭਾਸ਼ਾ ਦਾ
ਰੱਬ ?
ਰੱਬ ਤਾਂ ਆਪ ਪਿਆ ਹੈ ਮਰਨਹਾਰ
ਦੌੜੀ ਜਾ ਰਹੀ ਹੈ ਉਸ ਨੂੰ ਛੱਡ ਕੇ
ਉਸ ਦੀ ਭੁੱਖੀ ਸੰਤਾਨ
ਗੌਡ ਦੀ ਪਨਾਹ ਵਿਚ
ਮਰ ਰਹੀ ਹੈ ਮੇਰੀ ਭਾਸ਼ਾ
ਮਰ ਰਹੀ ਹੈ ਬਾਈ ਗੌਡ

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਮੰਡੀ ਹਿਮਾਚਲ ਦਾ ਦੌਰਾ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀਆਂ ਅਨੇਕਾਂ ਯਾਦਾਂ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ ਮੰਡੀ ਹਿਮਾਚਲ ਪ੍ਰਦੇਸ਼ ਦੀ ਧਰਤੀ ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਾੜੀ ਅਤੇ ਬਿਖੜੇ ਪੈਂਡਿਆਂ ਨੂੰ ਘੋੜ ਸਵਾਰ ਹੋ ਕੇ ਦੌਰੇ ਕੀਤੇ ਸਨ ਭਾਵ ਕਿ ਪਹਿਲਾਂ ਦੌਰਾ ਘੋੜਿਆਂ ਤੇ ਕੀਤਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਹੀ ਏਥੋਂ ਦੀ ਸਾਧ ਸੰਗਤ ਨੂੰ ਨਿਵਾਜ਼ਦੇ ਰਹੇ ਹਨ। ਉਸ ਪਿਆਰ ਅਤੇ ਸਨੇਹ ਨੂੰ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚਾ ਸਮਾਂ ਦੇ ਕੇ ਨਿਵਾਜ ਰਹੇ ਹਨ।

**ਮਿਤੀ 3 ਅਪ੍ਰੈਲ 2024 ਦਿਨ ਬੁੱਧਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਹੋਰ ਸਿੱਖ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਰੋਪੜ, ਕੀਰਤਪੁਰ ਸਾਹਿਬ ਹੁੰਦੇ ਹੋਏ ਸੁੰਦਰ ਨਗਰ ਦੀ ਇੰਤਜ਼ਾਰ ਕਰ ਰਹੀ ਸਾਧ ਸੰਗਤ ਨੂੰ ਰਸਤੇ ਵਿੱਚ ਰੁੱਕ ਕੇ ਦਰਸ਼ਨ ਦਿੱਤੇ। ਸੁੰਦਰ ਨਗਰ ਤੋਂ ਚੱਲ ਕੇ ਨੇਰ ਚੌਕ ਵਿਖੇ ਸੇਠੀ ਬੂਟ ਹਾਊਸ ਦਾ ਦੌਰਾ ਕਰਨ ਉਪਰੰਤ ਮੰਡੀ ਵਿਖੇ ਬਿਆਸ ਦਰਿਆ ਦੇ ਕੰਡੇ ਵਾਲੀ ਕੋਠੀ ਵਿਖੇ ਆਣ ਦਰਸ਼ਨ ਦਿੱਤੇ। ਏਥੇ ਹੀ ਸ਼ਾਮ ਨੂੰ 5:30 ਤੋਂ 7 ਵਜੇ ਤੱਕ ਨਾਮ ਸਿਮਰਨ ਅਤੇ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਇਕ ਛੋਟੇ ਬੱਚੇ ਕਾਕਾ ਕਰਤਾਰ ਸਿੰਘ ਨੇ ਗੁਰਬਾਣੀ ਦਾ ਸ਼ਬਦ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੁਣਾਇਆ। ਏਥੇ ਹੀ ਰਾਤ ਵਿਸ਼ਰਾਮ ਕੀਤਾ।

**ਮਿਤੀ 4 ਅਪ੍ਰੈਲ 2024 ਦਿਨ ਵੀਰਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕੋਠੀ ਵਿਖੇ ਹੀ ਬਣੇ ਦੀਵਾਨ ਹਾਲ ਵਿੱਚ ਹੋਇਆ ਜੋ ਅਜੇ ਉਸਾਰੀ ਅਧੀਨ ਹੈ। ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੰਗਾ ਸਿੰਘ ਤੇ ਕਾਕਾ ਕਰਤਾਰ ਸਿੰਘ ਨੇ ਕੀਤਾ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਵਿੱਚ ਬੱਚੀ ਗੁਰਦੇਵ ਕੌਰ, ਕਾਕਾ ਗਿਆਨ ਸਿੰਘ, ਬੱਚੀ ਗਗਨਦੀਪ ਕੌਰ, ਕਾਕਾ ਕਰਤਾਰ ਸਿੰਘ ਨੇ ਸ਼ਬਦ ਗਾਇਨ ਕੀਤੇ। ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਦਾ ਨਿੱਜੀ ਪ੍ਰੋਗਰਾਮ ਨਾਮਧਾਰੀ ਫਾਰਮ ਹਾਊਸ ਦਾ ਦੌਰਾ ਕਰਨਾ ਸੀ। ਸਾਰੇ ਦਿਨ ਦੇ ਰੁਝੇਵੇ ਉਪਰੰਤ ਸ੍ਰੀ ਸਤਿਗੁਰੂ ਜੀ ਸਮੇਤ ਸਿੱਖ ਸੇਵਕਾਂ ਦੇ ਮਨਾਲੀ ਵਿਖੇ ਆਣ ਪਹੁੰਚੇ। ਮਨਾਲੀ ਵਿਖੇ ਹੀ ਇਕ ਵੱਡ-ਅਕਾਰੀ ਹੋਟਲ ਪਾਲਟਨ ਵਿਖੇ ਵੱਡੇ ਹਾਲ ਵਿੱਚ ਸ਼ਾਮ ਦਾ ਨਾਮ ਸਿਮਰਨ ਹੋਇਆ ਏਥੇ ਹੀ ਸਭਨਾ ਨੇ ਰਾਤ ਵਿਸ਼ਰਾਮ ਕੀਤਾ।

**ਮਿਤੀ 5 ਅਪ੍ਰੈਲ 2024 ਦਿਨ ਸ਼ੁੱਕਰਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹੋਟਲ ਦੇ ਵੱਡੇ ਹਾਲ ਵਿੱਚ ਕੀਤਾ। ਅਪ੍ਰੈਲ ਦੇ ਮਹੀਨੇ ਵਿੱਚ ਬਰਫ ਬਾਰੀ ਕਰਕੇ ਕਾਫ਼ੀ ਠੰਢ ਸੀ ਅਤੇ ਹਾਲ ਨੂੰ ਗਰਮ ਕਰਨ ਲਈ ਵੱਡੀ ਗੈਸ ਭੱਠੀ ਦਾ ਪ੍ਰਬੰਧ ਕੀਤਾ ਹੋਇਆ ਸੀ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਨਾਲ ਸਮੁੱਚਾ ਜਥਾ ਆਪਣੇ ਅਗਲੇ ਪੜਾ ਲਈ ਚੱਲ ਪਿਆ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਅੱਗੇ ਵਧਿਆ ਤਾਂ ਇਕ ਸੁਰਗ ਦੇ ਦਰਵਾਜੇ ਤੇ ਪਹੁੰਚੇ ਜਿਥੇ ਲਿਖੇ ਹੋਏ ਸ਼ਬਦ ਸਨ 'ਅਟਲ ਟਨਲ' ਇਸ ਸੁਰਗ ਨੂੰ ਪਾਰ ਕੀਤਾ ਤਾਂ ਸੜਕ ਦੇ ਦੋਨੋ ਕਿਨਾਰਿਆਂ ਤੇ ਉੱਚੇ-2 ਬਰਫ ਦੇ ਢੱਕੇ ਹੋਏ ਪਹਾੜ ਆਏ। ਸਫ਼ਰ ਨੂੰ ਤਹਿ ਕਰਦੇ ਹੋਏ ਦਰਿਆ ਦੇ ਕਿਨਾਰੇ ਤੇ ਗੱਡੀਆਂ ਰੁਕੀਆਂ ਦਰਿਆਂ ਦੇ ਕੰਡੇ ਤੇ ਬੈਠ ਕੇ ਸਵੱਛ ਅਤੇ ਨਿਰਮਲ ਜਲ ਦੇ ਚੁਲੇ ਭਰ ਕੇ ਛਕੇ। ਪਤਾ ਕਰਨ ਤੇ ਜਾਣਕਾਰੀ ਮਿਲੀ ਕਿ ਇਹ ਚੁਨਾਬ ਦਰਿਆ ਹੈ ਜੋ ਪਹਾੜਾਂ ਦੀਆਂ ਕੰਧਰਾਂ ਵਿੱਚ ਵਗਦਾ ਹੋਇਆ ਅੱਗੇ ਆਪਣੇ ਮੰਜਿਲ ਵੱਲ ਵਧਦਾ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਕਰਨ ਤੇ ਨਾਲ ਲਿਆਂਦਾ ਗਿਆ ਭੋਜਨ ਸਭਨਾਂ ਨੇ ਲੋੜ ਅਨੁਸਾਰ ਛਕਿਆ। ਬਰਫ਼ ਦੀ ਸਫੇਦ ਚਾਂਦਰ ਨਾਲ ਢੱਕੇ ਹੋਏ ਪਹਾੜ ਅਤੇ ਦਰਿਆਂ ਦੇ ਵਧਦੇ ਨਿਰਮਾਨ ਜਲ ਦੇ ਅਦਭੁੱਤ ਨਜਾਰੇ ਅਤੇ ਕੁਦਰਤ ਦੇ ਰੰਗਾਂ ਨੂੰ ਸਭ ਨੇ ਆਪਣੀਆਂ ਅੱਖਾਂ ਨਾਲ ਨਿਹਾਰਿਆਂ। ਇਹ ਸਾਰੀ ਜਿੰਦਗੀ ਦੇ ਉਹ ਸੁਨਹਿਰੀ ਪਲ ਸਨ ਜੋ ਸ੍ਰੀ ਸਤਿਗੁਰੂ ਜੀ ਨਾਲ ਬਿਤਾਏ ਗਏ ਹਨ ਅਤੇ ਸਾਡੀ ਜਿੰਦਗੀ ਦਾ ਸਰਮਾਇਆ ਹਨ। ਮਨਾਲੀ ਤੋਂ ਵਾਪਸ ਆਉਂਦੇ ਹੋਏ ਭੂੰਤਰ

ਸ਼ਹਿਰ ਵਿਖੇ ਸ. ਜਗਦੀਸ਼ ਸਿੰਘ ਪੁੱਤਰ ਸੇਠ ਭਜਨੀਕ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਿਆ। ਭੁੰਤਰ ਵਿਖੇ ਹੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਨਾਮ ਸਿਮਰਨ ਕੀਤਾ ਏਸੇ ਦੌਰਾਨ ਪੰਡਿਤ ਯਾਦਵਿੰਦਰ ਸਿੰਘ ਨੇ ਕਥਾ ਕੀਤੀ। ਨਾਮ ਸਿਮਰਨ ਦੀ ਸਮਾਪਤੀ ਉਪਰੰਤ ਮੰਡੀ ਸ਼ਹਿਰ ਵਿਖੇ ਆਪ ਜੀ ਕੋਠੀ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 6 ਅਪ੍ਰੈਲ 2024 ਸ਼ਨੀਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਨਾਮਧਾਰੀ ਧਰਮਸ਼ਾਲਾ ਸੁੰਦਰ ਨਗਰ ਵਿਖੇ ਰਾਗੀ ਬਲਵੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਬੀਬੀ (ਨਿਧੀ) ਪਰਨੀਤ ਕੌਰ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਕੁਝ ਸ਼ਬਦ ਆਖੇ। ਸ੍ਰੀ ਸਤਿਗੁਰੂ ਜੀ ਨੇ ਜਗਦੀਸ਼ ਸਿੰਘ, ਬਲਵਵੰਤ ਸਿੰਘ ਪੁੱਤਰ ਬਲਬੀਰ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਰਾਜਪਾਲ ਸਿੰਘ ਪੁੱਤਰ ਸ. ਅਮਰਜੀਤ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ. ਹਰਦੇਵ ਸਿੰਘ ਪੁੱਤਰ ਸ. ਮਨੋਹਰ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾਂ ਸ੍ਰੀ ਭੈਣੀ ਸਾਹਿਬ ਦੇ ਰਸਤੇ ਵੱਲ ਹੋ ਤੁਰਿਆ। ਵਾਇਆਂ ਰੋਪੜ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

..............................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਫਾਜਿਲਕਾ ਵਿਖੇ ਮੇਲਾ

ਫਾਜਿਲਕਾ ਦੀ ਸਾਧ ਸੰਗਤ ਕਾਫ਼ੀ ਲੰਬੇ ਸਮੇਂ ਤੋਂ ਕੀਤੀ ਹੋਈ ਅਰਜ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪ੍ਰਵਾਨ ਕੀਤੀ ਅਤੇ **ਮਿਤੀ 2 ਅਪ੍ਰੈਲ 2024 ਦਿਨ ਮੰਗਲਵਾਰ** ਨੂੰ ਫਾਜਿਲਕਾ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਮੋਗਾ, ਜਗਰਾਉ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਜਲਾਲਾਬਾਦ ਵਿਖੇ ਸ. ਸੰਗਮ ਸਿੰਘ ਪੁੱਤਰ ਸ. ਈਸ਼ਵਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਫਾਜਿਲਕਾ ਦੇ ਸੂਬਾ ਗੁਰਚਰਨ ਸਿੰਘ ਅਤੇ ਸ. ਸੁਖਵਿੰਦਰ ਸਿੰਘ ਸਾਰੇ ਦੌਰੇ ਦੀ ਅਗਵਾਈ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਜੈ ਭਾਰਤ ਗਈਸ ਮਿਲ ਵਿਖੇ ਚਰਨ ਪਾਏ ਤਾਂ ਸ੍ਰੀ ਕ੍ਰਿਸ਼ਨ ਲਾਲ, ਸੁਰਿੰਦਰਪਾਲ ਸਿੰਘ, ਸੁਖਵਿੰਦਰ ਸਿੰਘ ਅਤੇ ਗੁਰਮੁੱਖ ਸਿੰਘ ਨੇ ਆਦਰ ਸਹਿਤ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਨਾਮਧਾਰੀ ਐਗਰੋ ਫੂਡ ਅਤੇ ਸੁਰਿੰਦਰ ਸਿੰਘ ਪੁੱਤਰ ਸ. ਲੱਖਾ ਸਿੰਘ ਦੀ ਪਾਇਪ ਫੈਕਟਰੀ। ਸ. ਭੁਪਿੰਦਰ ਸਿੰਘ ਪੁੱਤਰ ਸ. ਲੱਖਾ ਸਿੰਘ ਦੀ ਬਲਾਕ ਫੈਕਟਰੀ। ਗੁਰਮੀਤ ਸਿੰਘ ਪੁੱਤਰ ਲੱਖਾ ਸਿੰਘ ਦੀ ਪਾਇਪ ਫੈਕਟਰੀ ਵਿਖੇ ਚਰਨ ਪਾਏ ਤਾਂ ਖੁਸ਼ਪ੍ਰੀਤ ਸਿੰਘ ਪੁੱਤਰ ਸ. ਪਰਵਿੰਦਰ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਸੂਬਾ ਗੁਰਚਰਨ ਸਿੰਘ ਜੀ ਪੁੱਤਰ ਸ. ਤ੍ਰਿਲੋਕ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਵਿਪਨ ਕੁਮਾਰ, ਰੋਜਤ ਰੋਜੀ ਪੁੱਤਰ ਪ੍ਰਵੀਨ ਕੁਮਾਰ, ਮਨਜੀਤ ਸਿੰਘ, ਹਰਦਿਆਲ ਸਿੰਘ ਪੁੱਤਰ ਸ. ਜੈ ਦਿਆਲ ਸਿੰਘ। ਸੁਰਿੰਦਰਪਾਲ ਸਿੰਘ ਪੁੱਤਰ ਸ. ਸਤਪਾਲ ਸਿੰਘ, ਹਰਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਕਿਸੋਰ ਚੰਦ ਅਤੇ ਸ. ਤਜਿੰਦਰ ਸਿੰਘ ਨੇਤਾ ਦੇ ਗ੍ਰਹਿ ਵਿਖੇ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦਿੱਤਾ ਤਾਂ ਹਜ਼ੂਰੀ ਰਾਗੀ ਸ. ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸੰਤਾ ਸਿੰਘ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ " ਸਤਿਗੁਰ ਅਪੁਨੇ ਸੁਨੀ ਅਰਦਾਸਿ, ਕਾਰਜ ਆਇਆ ਸਗਲਾ ਰਾਸਿ॥ " ਗਾਇਨ ਕਰ ਰਹੇ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਫਾਜਿਲਕਾ ਦੀਆਂ ਬੱਚੇ-ਬੱਚੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਵਿੱਚ ਕੀਰਤਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕ੍ਰਿਪਾ ਕਰਦੇ ਹੋਏ ਹੁਕਮ ਕੀਤਾ ਕਿ "ਬੱਚਿਆਂ ਨੂੰ ਗੁਰਬਾਣੀ ਨਾਲ ਜੋੜੋ ਗੁਰਬਾਣੀ ਜੀਵਨ ਜਾਚ ਹੈ, ਗੁਰਬਾਣੀ ਗਿਆਨ ਹੈ, ਤਜਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਅਤੇ ਸੰਗਤ ਦਾ ਧੰਨਵਾਦ ਕੀਤਾ ਅਰਦਾਸ ਉਪਰੰਤ ਸਮਾਪਤੀ ਹੋਈ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਅਜੇ ਕੁਮਾਰ ਪੁੱਤਰ ਸ੍ਰੀ ਕੁਲਵੰਤ ਰਾਏ ਅਤੇ ਮੁਕੇਸ਼ ਕੁਮਾਰ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਦੇ ਗ੍ਰਹਿ ਵਿਖੇ ਵਿਜੇ ਕਲੋਨੀ ਵਿਖੇ ਦਰਸ਼ਨ ਦਿੱਤੇ ਅਤੇ ਏਥੋਂ ਹੀ ਸ੍ਰੀ ਸਤਿਗੁਰੂ ਜੀ ਵਾਪਸੀ ਲਈ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..............................................................

## ਸ. ਸੁਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਫਾਜਿਲਕਾ ਸ਼ਹਿਰ ਵਿਖੇ ਸ. ਸੁਖਵਿੰਦਰ ਸਿੰਘ ਪੁੱਤਰ ਸ. ਜੋਗਾ ਸਿੰਘ ਦੇ ਪਰਿਵਾਰ ਨਾਲ ਵਾਪਰੀ ਇਕ ਅਣਸੁਖਾਵੀ ਘਟਨਾ ਸਮੇਂ ਡੋਲੇ ਹੋਏ ਪਰਿਵਾਰ ਨੂੰ ਧੀਰਜ ਅਤੇ ਹੌਂਸਲਾ ਦੇਣ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੇ ਰਾਤ 9 ਵਜੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਦੇਰ ਰਾਤ ਤਕਰੀਬਨ 12 ਵਜੇ ਸ. ਸੁਖਵਿੰਦਰ ਸਿੰਘ ਦੇ ਪਰਿਵਾਰ ਨੂੰ ਆਣ ਦਰਸ਼ਨ ਦਿੱਤੇ। ਜਿਕਰਜੋਗ ਹੈ ਕਿ ਸ. ਸੁਖਵਿੰਦਰ ਸਿੰਘ ਦਾ ਇਕਲੋਤਾਂ ਪੁੱਤਰ ਕਾਕਾ ਸਤਨਾਮ ਸਿੰਘ ਜੋ ਕਿ **ਮਿਤੀ 6 ਅਪ੍ਰੈਲ 2023** ਅਚਨਚੇਤ ਚੜ੍ਹਾਈ ਕਰ ਗਿਆ ਸੀ ਜੋ ਕਿ ਤਕਰੀਬਨ 14 ਸਾਲ ਦਾ ਸੀ। ਸਾਰਾ ਪਰਿਵਾਰ ਇਸ ਕਰਕੇ ਡੂੰਘੇ ਸਦਮੇ ਵਿੱਚ ਸੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਰਿਵਾਰ ਨੂੰ ਭਾਣਾ ਮੰਨਣ ਅਤੇ ਧੀਰਜ ਦੇਣ ਲਈ ਉਚੇਚੇ ਰਾਤ 12 ਵਜੇ ਆਣ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਹੌਂਸਲਾ ਦਿੰਦੇ ਹੋਏ ਹਮਦਰਦੀ ਭਰੇ ਅਤੇ ਪਿਆਰ ਭਰੇ ਬੋਲਾਂ ਨਾਲ ਉਸ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਅਤੇ ਹੌਂਸਲਾ ਰੱਖਣ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜੀ ਨੇ ਕਾਕਾ ਸਤਨਾਮ ਸਿੰਘ ਦੇ ਸਿਰ ਤੇ ਆਪਣੀ ਬਖਸ਼ਿਸ਼ ਭਰਿਆਂ ਹਸਤ ਕੰਵਲ ਵੀ ਰੱਖਿਆ। ਕੁਝ ਸਮਾਂ ਰੁਕਣ ਤੇ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨਾਲ ਬੈਠ ਬਚਨ ਬਿਲਾਸ ਕਰਨ ਉਪਰੰਤ 12:30 ਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਤਾਂ ਅੰਮ੍ਰਿਤ ਵੇਲੇ 3:30 ਤੇ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚ ਇਸ਼ਨਾਨ ਪਾਣੀ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਹਰੀ ਮੰਦਰ ਆਸਾ ਦੀ ਵਾਰ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਤੂਰ ਫਰਾਮ ਜ਼ਿਲ੍ਹਾ ਜਲੰਧਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜਿਲ੍ਹਾ ਜਲੰਧਰ ਦੇ ਕਸਬਾ ਫਿਲੌਰ ਅਤੇ ਗਰਾਇਆ ਦੇ ਵਿਚਕਾਰ ਹੈ ਸ. ਸਰਵਨ ਸਿੰਘ ਦਾ ਤੂਰ ਫਾਰਮ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਏਥੇ ਨਿਰੰਤਰ ਲਗਾਤਾਰ ਅਖੰਡ ਵਰਨੀ ਨਾਮ ਸਿਮਰਨ ਦੀ ਚੱਲ ਰਹੀ ਹੈ। ਲਗਭਗ ਹਰ ਸਾਲ ਸ. ਸਰਵਨ ਸਿੰਘ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਮੇਲਾ ਮਨਾਇਆ ਜਾਂਦਾ ਹੈ ਅਤੇ ਪਵਿੱਤਰ ਗੁਰਬਾਣੀ ਦੇ ਇਕ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਨਾਂ ਨਮਿੱਤ ਪਾਇਆ ਜਾਂਦਾ ਹੈ। ਇਸ ਵਾਰੀ ਪਰਿਵਾਰ ਦੀ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿੱਖਾਂ ਸੇਵਕਾਂ ਸਹਿਤ ਮਿਤੀ **7 ਅਪ੍ਰੈਲ 2024 ਦਿਨ ਐਤਵਾਰ** ਨੂੰ ਤੂਰ ਫਾਰਮ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ ਇਕ ਅਖੰਡ ਪਾਠ ਦਾ ਭੋਗ ਪਾਇਆ ਗਿਆ। ਪੰਡਾਲ ਵਿੱਚ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਨੂੰ ਤਾਜਾ ਕੀਤਾ। ਇਲਾਕੇ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਸੂਬਾ ਹਰਜੀਤ ਸਿੰਘ ਮੁਠੱਡਾ, ਸੂਬਾ ਜਗਵੀਰ ਸਿੰਘ ਪੱਟੀ ਦੀ ਅਗਵਾਈ ਵਿੱਚ ਹਾਜ਼ਰ ਸੀ। ਮੇਲੇ ਦੀ ਸਮਾਪਤੀ ਉਪਰੰਤ ਪ੍ਰਸ਼ਾਦ ਪਾਣੀ ਛੱਕ ਕੇ ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਏਥੋਂ ਹੀ ਚੰਡੀਗੜ੍ਹ ਹਵਾਈ ਅੱਡੇ ਲਈ ਰਵਾਨਾ ਹੋ ਗਏ ਜਿਥੋਂ ਹਵਾਈ ਸਫ਼ਰ ਰਾਹੀ ਸ੍ਰੀ ਸਤਿਗੁਰੂ ਜੀ ਸ਼ਾਮ ਤੱਕ ਬੰਗਲੌਰ ਦੀ ਧਰਤੀ ਨੂੰ ਆਣ ਭਾਗ ਲਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਚੌਥਾ ਵਾਰਸ਼ਿਕ ਗੁਰਮਤਿ ਸਿਖਲਾਈ ਸਮਾਗਮ, ਮੈਲਬੋਰਨ (ਅਸਟ੍ਰੇਲੀਆ)

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਅਤੇ ਸੂਬਾ ਸਤਨਾਮ ਸਿੰਘ ਜੀ ਦੀ ਸਰਪ੍ਰਸਤੀ ਹੇਠ ਅਸਟ੍ਰੇਲੀਆ ਦੀ ਸਾਧ ਸੰਗਤ ਵਲੋਂ 27-28 ਅਪ੍ਰੈਲ 2024 ਈ. ਨੂੰ ਦੋ ਦਿਨਾਂ ਦਾ ਚੌਥਾ ਵਾਰਸ਼ਿਕ ਗੁਰਮਤਿ ਸਿਖਲਾਈ ਸਮਾਗਮ ਕਰਵਾਇਆ ਗਿਆ। ਇਸ ਗੁਰਮਤਿ ਸਮਾਗਮ ਵਿੱਚ ਮੈਲਬੌਰਨ ਤੋਂ ਇਲਾਵਾ ਬ੍ਰਿਸਬੇਨ ਅਤੇ ਹੋਰ ਸ਼ਹਿਰਾਂ ਦੇ ਬੱਚਿਆਂ ਨੇ ਵੀ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਸੰਮੇਲਨ ਦੀ ਅਰੰਭਤਾ ਸਵੇਰੇ 10 ਵਜੇ ਹੋਈ ਅਤੇ ਸੰਤ ਗੁਰਪ੍ਰੀਤ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਸਫ਼ਲਤਾ ਲਈ ਅਰਦਾਸ ਕੀਤੀ। ਸੰਮੇਲਨ ਵਿੱਚ ਬ੍ਰਿਸਬੇਨ

ਤੋਂ ਉਚੇਚੇ ਤੌਰ ਤੇ ਆਏ ਸੂਬਾ ਹਰਨਾਮ ਸਿੰਘ ਜੀ ਦਾ ਮੈਲਬੌਰਨ ਦੀ ਸਾਧ ਸੰਗਤ ਸੰਤ ਜਤਿੰਦਰ ਸਿੰਘ ਜੌਹਲ, ਸੰਤ ਗੁਰਪ੍ਰੀਤ ਸਿੰਘ, ਸੰਤ ਭੁਪਿੰਦਰ ਸਿੰਘ, ਸੰਤ ਕਰਨਜੀਤ ਸਿੰਘ, ਸੰਤ ਹਰਵਿੰਦਰ ਸਿੰਘ ਅਤੇ ਸੰਤ ਦਿਲਬਾਗ ਸਿੰਘ ਨੇ ਬੁੱਕੇ ਭੇਂਟ ਕਰਕੇ ਹਾਰਦਿਕ ਸਵਾਗਤ ਕੀਤਾ। ਇਸ ਤੋਂ ਉਪਰੰਤ ਬੀਬੀ ਨਵਪ੍ਰੀਤ ਕੌਰ ਨੇ ਸਟੇਜ ਸੰਭਾਲੀ ਅਤੇ ਅਰਦਾਸ ਪ੍ਰਤੀਯੋਗਤਾ ਸ਼ੁਰੂ ਕੀਤੀ। ਗੁਰਮਤਿ ਸਿਖਲਾਈ ਸਮਾਗਮ ਵਿੱਚ ਭਾਸ਼ਣ ਪ੍ਰਤੀਯੋਗਤਾ, ਚਿੱਤਰਕਾਰੀ ਪ੍ਰਤੀਯੋਗਤਾ, ਦੀਵਾਨ, ਖੇਡਾਂ, ਸਲਾਦ, ਨਿਤਨੇਮ, ਦਸਤਾਰ ਪ੍ਰਤੀਯੋਗਤਾਲ, ਸੰਗੀਤ ਮੁਕਾਬਲੇ ਕਰਵਾਏ ਗਏ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਸ਼ੁੱਧ ਗੁਰਬਾਣੀ ਪ੍ਰਤੀਯੋਗਤਾ ਵੀ ਕਰਵਾਈ ਗਈ। ਵਰਨਣਯੋਗ ਹੈ ਕਿ ਸੰਤ ਜਤਿੰਦਰ ਸਿੰਘ ਜੌਹਲ, ਬੀਬੀ ਨਵਪ੍ਰੀਤ ਕੌਰ ਦੇ ਵਿਸ਼ੇਸ਼ ਉਪਰਾਲੇ ਅਤੇ ਸਹਿਯੋਗ ਨਾਲ ਗੁਰਮਤਿ ਸਮਾਗਮ ਤੋਂ ਲਗਭਗ ਡੇਢ ਮਹੀਨਾਂ ਪਹਿਲਾਂ ਹਰ ਹਫਤੇ 1 ਘੰਟੇ ਦੀ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਨੌਜੁਆਨ ਬੱਚੇ-ਬੱਚੀਆਂ ਨੂੰ ਨਾਮਧਾਰੀ ਮਰਿਆਦਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਸ਼ੁੱਧ ਗੁਰਬਾਣੀ ਦੀ ਸਿਖਲਾਈ ਦਿੱਤੀ ਗਈ।

ਸੰਮੇਲਨ ਵਿੱਚ ਲਗਭਗ 80 ਦੇ ਕਰੀਬ ਸਿੱਖਿਆਰਥੀਆਂ ਨੇ ਹਿੱਸਾ ਲਿਆ। ਸੰਮੇਲਨ ਦੌਰਾਨ ਨੌਜੁਆਨ ਬੱਚੀਆਂ ਬੀਬੀ ਪ੍ਰਿਆਦੀਪ ਕੌਰ ਅਤੇ ਬੀਬੀ ਸੁੱਖੋ ਕੌਰ ਨੇ ਆਨਲਾਈਨ ਕੁਈਜ ਪ੍ਰਤੀਯੋਗਤਾ ਕਰਵਾਈ। ਓਪਨ ਸ਼ੈਸ਼ਨ ਵਿੱਚ 'ਗੁਰਬਾਣੀ ਅੰਤਾਕਸ਼ਰੀ' ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਸਾਰੇ ਨੌਜੁਆਨਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਸੰਮੇਲਨ ਦਾ ਸਮੁੱਚਾ ਪ੍ਰਬੰਧ ਮੈਲਬੌਰਨ ਦੀ ਸਾਰੀ ਸਾਧ ਸੰਗਤ ਵਲੋਂ ਕੀਤਾ ਗਿਆ। ਨੌਜੁਆਨ ਜਥੇ ਵਲੋਂ ਕਰਵਾਈ ਗਈ ਵਧੀਆ ਤਿਆਰੀ ਅਤੇ ਉਹਨਾਂ ਦੀ ਮਿਹਨਤ ਦੀ ਝਲਕ ਬੱਚਿਆਂ ਦੇ ਉਤਸ਼ਾਹ ਤੋਂ ਨਜ਼ਰ ਆ ਰਹੀ ਸੀ। ਸਾਰੇ ਜੱਜ ਸਾਹਿਬਾਨਾਂ ਨੇ ਸਤਿਗੁਰੂ ਜੀ ਦੀ ਕਿਰਪਾ ਸਦਕਾ ਬੜੀ ਸੂਝਬੂਝ ਨਾਲ ਆਪਣੀ ਸੇਵਾ ਨਿਭਾਈ। ਸੂਬਾ ਸਤਨਾਮ ਸਿੰਘ ਜੀ ਨੇ ਜੇਤੂ ਬੱਚਿਆਂ ਨੂੰ ਮੈਡਲ ਅਤੇ ਇਨਾਮ ਤਕਸੀਮ ਕੀਤੇ। ਜਗਜੀਤ ਮੰਦਰ ਵਿੱਚ ਜੈਕਾਰਿਆਂ ਦੀ ਗੂੰਜ ਅਤੇ ਬੱਚਿਆਂ ਦਾ ਉਤਸ਼ਾਹ ਇਕ ਅਲੋਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ। 36 ਵਾਂ ਸਿੱਖ ਗੇਮਜ਼ ਵਿੱਚ ਜੇਤੂ ਕਾਕਾ ਸ਼ਿਵਰਾਜ ਸਿੰਘ, ਬੀਬੀ ਸੁੱਖੋ ਕੌਰ ਅਤੇ ਸੰਤ ਸਰਨਜੀਤ ਸਿੰਘ ਸੋਨੂੰ ਨੂੰ ਸੂਬਾ ਜੀ ਨੇ ਸਨਮਾਨਿਤ ਕੀਤਾ। ਗੁਰਮਤਿ ਸਿਖਲਾਈ ਸਮਾਗਮ ਦੀ ਨਿਰਵਿਘਨ ਸੰਪੂਰਨਤਾ ਅਤੇ ਸਫਲਤਾ ਲਈ ਸੂਬਾ ਸਤਨਾਮ ਸਿੰਘ ਜੀ ਨੇ ਨੌਜੁਆਨ ਬੱਚੇ ਬੱਚੀਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਗੁਰਸਿੱਖੀ ਜੀਵਨ ਨਾਲ ਜੁੜੇ ਰਹਿਣ ਲਈ ਹੋਰ ਵੀ ਪ੍ਰੇਰਿਤ ਕੀਤਾ।

**ਮੈਲਬੋਰਨ ਦੀ ਸੰਗਤ ਵੱਲੋਂ**

..................................................

## ਬੀਬੀ ਨਰਿੰਦਰ ਕੌਰ ਜੀ ਨਮਿਤ ਭੋਗ ਮੇਲਾ

**12 ਮਈ 2024–** ਬੀਬੀ ਨਰਿੰਦਰ ਕੌਰ ਜੀ 7 ਮਈ 2024 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ। ਇਹ 94 ਸਾਲ ਦੀ ਸੰਸਾਰਿਕ ਯਾਤਰਾ ਉਹਨਾਂ ਦੀ



ਨਾਮਧਾਰੀ ਪ੍ਰੰਪਰਾ, ਸੇਵਾ ਸਿਮਰਨ ਨੂੰ ਪ੍ਰਣਾਈ ਹੋਈ ਸੀ। ਆਪ ਜੀ ਦਾ ਪੇਕਾ ਘਰ ਟਕਸਾਲੀ ਨਾਮਧਾਰੀ ਪਰਿਵਾਰ ਹੈ। ਆਪ ਦੇ ਦਾਦਾ ਸੰਤ ਰੁਲਦੂ ਸਿੰਘ ਜੀ ਸਨ ਜਿਨ੍ਹਾਂ ਨੂੰ ਬਾਬਾ ਜਮੀਤ ਸਿੰਘ ਜੀ ਗਿੱਲਾਂ ਵਾਲਿਆਂ ਨੇ ਭਜਨ ਦਿੱਤਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਕਿ ਭਜਨ ਲੈਣ ਲਈ ਜਦੋਂ ਸੰਤ ਰੁਲਦੂ ਸਿੰਘ ਜੀ ਨੇ ਅਰਜ਼ ਕੀਤੀ ਤਾਂ ਬਾਬਾ ਜਮੀਤ ਸਿੰਘ ਜੀ ਕਿਹਾ ਇਕ ਸਾਲ ਪਹਿਲਾਂ ਕਮਰੇ ਅੰਦਰ ਬੈਠਣ ਦਾ ਅਭਿਆਸ ਕਰੋ,

ਉਹਨਾਂ ਇਸ ਤਰ੍ਹਾਂ ਹੀ ਕੀਤਾ ਫਿਰ ਹੁਕਮ ਹੋਇਆ ਇਕ ਸਾਲ ਹੋਰ ਇਸ ਤਰ੍ਹਾਂ ਵੱਡੀ ਪਰੀਖਿਆ ਤੋਂ ਬਾਅਦ ਸੰਤ ਰੁਲਦੂ ਸਿੰਘ ਜੀ ਨੂੰ ਭਜਨ ਦੀ ਪ੍ਰਾਪਤੀ ਹੋਈ। ਉਹਨਾਂ ਭਜਨ ਪ੍ਰਾਪਤੀ ਲਈ ਵੱਡੀ ਘਾਲਣਾ ਘਾਲੀ।

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥

ਐਸੀ ਮਹਿੰਗੀ ਵਸਤੂ ਪ੍ਰਾਪਤ ਕਰ ਸੰਤ ਰੁਲਦੂ ਸਿੰਘ ਜੀ ਨੇ ਬਹੁਤ ਕਮਾਈ ਕੀਤੀ। ਉਸ ਕਮਾਈ ਸਦਕਾ ਅੱਜ ਉਹਨਾਂ ਦਾ ਬਹੁਤ ਵੱਡਾ ਪਰਿਵਾਰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸੁੱਖੀ ਵਸ ਰਿਹਾ ਹੈ। ਸੰਤ ਰੁਲਦੂ ਸਿੰਘ ਜੀ ਦੇ ਪੰਜ ਪੁੱਤਰ ਸੀ। ਸੁੰਦਰ ਸਿੰਘ ਜੀ, ਜੀਉਣ ਸਿੰਘ ਜੀ, ਗੁਰਦਿੱਤ ਸਿੰਘ, ਹਰੀ ਸਿੰਘ ਜੀ ਅਤੇ ਸੁੱਧ ਸਿੰਘ ਜੀ। ਸੁੱਧ ਸਿੰਘ ਦੇ ਪੁੱਤਰ ਕਰਮ ਸਿੰਘ ਦੀ ਪੁੱਤਰੀ ਸਨ ਬੀਬੀ ਨਰਿੰਦਰ ਕੌਰ ਜੀ। ਆਪ ਦਾ ਵਿਆਹ ਕ੍ਰਿਪਾਲ ਸਿੰਘ ਪੁੱਤਰ ਸੰਤ ਤੇਜਾ ਸਿੰਘ ਨਾਲ ਹੋਇਆ। ਉਲਾਦ ਵਲੋਂ ਆਪ ਦੇ ਘਰ ਚਾਰ ਧੀਆਂ ਬੀਬੀ ਜਸਬੀਰ ਕੌਰ, (ਅਸਾਮ ਵਿਆਹੇ ਹਨ), ਜਸਪਾਲ ਕੌਰ (ਹੈਦਰਾਬਾਦ ਵਿਆਹੇ ਹਨ), ਸਤਿੰਦਰ ਕੌਰ ਰਾਣੀ (ਡਾਲਟਨਗੰਜ ਵਿਆਹੇ ਹਨ), ਅਰਵਿੰਦਰ ਕੌਰ (ਮੰਡੀ ਵਿਆਹੇ ਹਨ) ਅਤੇ ਇਕ ਪੁੱਤਰ ਦਰਸ਼ਨ ਸਿੰਘ ਹੈ। ਸ. ਤਰਨਜੀਤ ਸਿੰਘ ਮੁੰਬਈ ਵਾਲੇ ਆਪ ਦੇ ਪੋਤਰੇ ਹਨ। ਮਾਤਾ ਦਾ ਸਾਰਾ ਪਰਿਵਾਰ ਦੀ ਗੁਰਸਿੱਖੀ ਜੀਵਨ ਦਾ ਧਾਰਨੀ ਹੈ। ਇਸ ਗੱਲ ਤੋਂ ਅਸੀਂ ਉਹਨਾਂ ਦੀ ਵੱਡ ਕਮਾਈ ਦਾ ਪਤਾ ਲਾ ਸਕਦੇ ਹਾਂ।

ਪਿਛਲੇ ਕੁਝ ਮਹੀਨੇ ਤੋਂ ਮਾਤਾ ਸਰੀਰਕ ਅਸਮਰੱਥਾ ਕਾਰਨ ਆਪਣੀ ਕ੍ਰਿਆ ਨਹੀਂ ਸਨ ਸਾਧ ਸਕਦੇ ਤਾਂ ਉਹਨਾਂ ਸਤਿਗੁਰੂ ਜੀ ਅੱਗੇ ਇਹ ਅਰਦਾਸ ਕਰਨੀ ਸ਼ੁਰੂ ਕੀਤੀ ਸੀ ਕਿ ਮੈਂ ਜੇ ਆਪ ਇਸ਼ਨਾਨ ਨਹੀਂ ਕਰ ਸਕਦੀ ਤਾਂ ਮੈਨੂੰ ਸੰਸਾਰ ਤੋਂ ਲੈ ਜਾਉ। ਸਾਰਾ ਜੀਵਨ ਮਾਤਾ ਜੀ ਦਾ ਭਜਨ ਬੰਦਗੀ ਨੂੰ ਸਮਰਪਿਤ ਸੀ। ਮਾਤਾ ਜੀ ਦਾ ਭੋਗ **12 ਮਈ 2024** ਨੂੰ ਹੈਦਰਾਬਾਦ ਵਿਖੇ ਪਾਇਆ ਗਿਆ। ਇਸ ਭੋਗ ਮੇਲੇ ਵਿੱਚ ਉਚੇਚੇ ਤੌਰ ਉਤੇ ਸ੍ਰੀ ਭੈਣੀ ਸਾਹਿਬ ਤੋਂ ਕਥਾ ਕਰਨ ਲਈ ਗੁਰਲਾਲ ਸਿੰਘ ਅਤੇ ਕੀਰਤਨ ਕਰਨ ਲਈ ਡਾ. ਹਰਵਿੰਦਰ ਸਿੰਘ ਅਤੇ ਸ. ਅਜੈਪਾਲ ਸਿੰਘ ਪਹੁੰਚੇ ਸਨ। ਮਾਤਾ ਦਾ ਸਾਰਾ ਪਰਿਵਾਰ ਇਸ ਮੇਲੇ ਵਿੱਚ ਹਾਜ਼ਰ ਸੀ। ਲਗਭਗ ਸਾਰੀ ਹੈਦਰਾਬਾਦ ਦੀ ਸੰਗਤ ਨਾਲ ਮਾਤਾ ਦਾ ਰਿਸਤੇਦਾਰੀ ਨਾਤਾ। ਮਾਤਾ ਜੀ ਦੇ ਪਵਿੱਤਰ ਜੀਵਨ ਨੂੰ ਵਿਸ਼ਾ ਬਣਾ ਗੁਰਲਾਲ ਸਿੰਘ ਨੇ ਕਥਾ ਕੀਤੀ। ਰਾਗੀ ਸਿੱਖਾਂ ਗੁਰਬਾਣੀ ਦੇ ਸ਼ਬਦ ਪੜ੍ਹੇ। ਸ. ਦਰਸ਼ਨ ਸਿੰਘ ਦੇ ਮਾਤਾ ਜੀ ਦੀ ਯਾਦ ਵਿੱਚ ਵੈਰਾਗ ਮਈ ਕਵਿਤਾ ਪੜ੍ਹੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੌਂਵੇ ਮਹੱਲੇ ਦੇ ਸਲੋਕ ਪੜ੍ਹ ਭੋਗ ਪਾਇਆ ਗਿਆ। ਅਰਦਾਸ ਗੁਰਲਾਲ ਸਿੰਘ ਨੇ ਕੀਤੀ।

**ਗੁਰਲਾਲ ਸਿੰਘ**

## ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ

ਪੰਜਾਬ ਦੀ ਰੂਹ ਨੂੰ ਸੁੱਚੇ ਸ਼ਬਦਾਂ ਦਾ ਲਿਬਾਸ ਪਹਿਣਾ ਜਿਸ ਨੇ ਮੁਹੱਬਤ ਦੀ ਟਕਸਾਲ 'ਚ ਘੜ੍ਹਿਆ ਉਹ ਸੁਰਜੀਤ ਪਾਤਰ 11 ਮਈ 2024 ਨੂੰ ਇਸ ਧਰਤ ਨੂੰ



ਅਲਵਿਦਾ ਆਖ ਗਿਆ। ਗੱਲ ਇਹ ਨਹੀਂ ਕਿ ਸੁਰਜੀਤ ਪਾਤਰ ਨੇ ਕਿੰਨਾ ਲਿਖਿਆ, ਗੱਲ ਇਹ ਹੈ ਕਿ ਉਹਨਾਂ ਦੀ ਲਿਖੀ ਹਰ ਸਤਰ ਨੂੰ ਲੋਕਾਂ ਮਾਣਿਆ, ਸਤਕਾਰਿਆ ਤੇ ਆਪਣੀ ਹਿਯਾਤੀ ਨਾਲ ਜੋੜ ਹੰਢਾ ਵੇਖ ਕਿਹਾ, ਇਹ ਸ਼ੇਅਰ ਤਾਂ ਮੇਰੀ ਜ਼ਿੰਦਗੀ ਦੇ ਨਾਪ ਦਾ ਹੈ।

ਸੁਰਜੀਤ ਪਾਤਰ ਜੀ ਦਾ ਜਨਮ 14 ਜਨਵਰੀ 1945 ਈ. ਪੱਤੜ ਕਲਾਂ ਜ਼ਿਲ੍ਹਾ ਕਪੂਰਥਲਾ ਵਿੱਚ ਹੋਇਆ

ਸੀ। 1960 ਈ. ਤੋਂ ਬਾਅਦ ਆਪ ਨੇ ਸਹਿਤਕ ਖੇਤਰ ਵਿੱਚ ਪ੍ਰਵੇਸ਼ ਕੀਤਾ। ਕੋਲਾਜ ਪਹਿਲਾ ਕਾਵਿ ਸੰਗ੍ਰਹਿ ਸੀ ਜੋ ਦੋ ਸਾਥੀਆਂ ਨਾਲ ਰਲ ਪ੍ਰਕਾਸ਼ਿਤ ਕਰਵਾਇਆ। ਇਸ ਤੋਂ ਬਾਅਦ 'ਹਵਾ ਵਿੱਚ ਲਿਖੇ ਹਰਫ਼' 'ਬਿਰਖ ਅਰਜ ਕਰੇ' 'ਹਨੇਰੇ ਵਿੱਚ ਸੁਲਗਦੀ ਵਰਨਮਾਲਾ', 'ਲਫ਼ਜ਼ਾਂ ਦੀ ਦਰਗਾਹ' ਅਤੇ ਸੁਰ ਜਮੀਨ, ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ। ਹਨੇਰੇ ਵਿੱਚ ਸੁਲਗਦੀ ਵਰਨਮਾਲਾ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

ਸਵਰਾਜ ਵੀਰ ਦੀ ਇਹ ਗੱਲ ਚਮਕਦੇ ਸੂਰਜ ਵਾਂਗ ਸੱਚੀ ਹੈ ਕਿ "ਸੁਰਜੀਤ ਪਾਤਰ ਨੇ ਪਿਛਲੇ ਚਾਲੀ ਵਰ੍ਹਿਆਂ ਤੋਂ ਸਿਰਫ਼ ਪੰਜਾਬੀ ਸ਼ਾਇਰੀ ਦੀ ਆਬ ਨੂੰ ਕਾਇਮ ਰੱਖਣ ਦੇ ਨਾਲ-ਨਾਲ ਪੰਜਾਬੀ ਬੰਦੇ ਦਾ ਸ਼ਾਇਰੀ ਵਿੱਚ ਵਿਸ਼ਵਾਸ ਬਣਾਈ ਰੱਖਿਆ ਹੈ।" ਪਾਤਰ ਸਾਹਿਬ ਮਿਲਾਪੜੇ, ਸਹਿਜ ਅਤੇ ਮਿਠ ਬੋਲੜੇ ਸੁਭਾਅ ਦੇ ਮਾਲਕ ਸੀ। ਹਰ ਕੋਈ ਮਿਲਣ ਵਾਲਾ ਛੋਟਾ-ਵੱਡਾ ਤੁਹਾਡੇ ਨਾਲ ਇਕ ਨਵੀਂ ਸਾਂਝ ਪਾ ਲੈਂਦਾ। ਬੋਲ-ਬਾਣੀ ਦਾ ਪ੍ਰਭਾਵ ਹਰ ਕੋਈ ਕਬੂਲਦਾ। ਸਟੇਜ 'ਤੇ ਜਦੋਂ ਪਾਤਰ ਜੀ ਆਪਣੀ ਕੋਈ ਨਜ਼ਮ/ਗ਼ਜ਼ਲ ਪੇਸ਼ ਕਰ ਰਹੇ ਹੁੰਦੇ ਤਾਂ ਹੱਥਾ ਦੇ ਬਤਾਵਿਆਂ ਦੇ ਸਹਿਯੋਗ ਨਾਲ ਕੀਤੀ ਪੇਸ਼ਕਾਰੀ ਸਰੋਤਿਆਂ ਦੇ ਧੁਰ ਅੰਦਰ ਦੀ ਰਮਜ਼ ਨੂੰ ਟੁੰਬਦੀ।

ਪੰਜਾਬ ਦੇ ਲੋਕਾਂ ਦੀ ਕਹਾਣੀ ਨੂੰ ਪਾਤਰ ਨੇ ਆਪਣੇ ਸ਼ਬਦਾਂ ਨਾਲ ਰੂਪਮਾਨ ਕੀਤਾ। ਉਹਨਾਂ ਦਾ ਸਾਹਿਤਕ ਸਫ਼ਰ ਬਿਖੜੇ ਪੈਂਡਿਆ ਨੂੰ ਤਹਿ ਕਰਦਾ ਹੈ। ਪਾਤਰ ਸਾਹਿਬ ਵੱਡੀ ਲਕੀਰ ਖਿਚਦੇ ਹੋਏ ਸ਼ੇਅਰੀ ਦੀ ਦੁਨੀਆਂ ਵਿੱਚ ਧ੍ਰੂ ਤਾਰੇ ਵਾਂਗ ਚਮਕ ਰਹੇ ਹਨ-

ਮੈਂ ਰਾਹਾਂ 'ਤੇ ਨਹੀਂ ਤੁਰਦਾ,
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਯੁਗਾਂ ਤੋਂ ਕਾਫ਼ਲੇ ਆਉਂਦੇ
ਇਸ ਸੱਚ ਦੇ ਗਵਾਹ ਬਣਦੇ।
ਇਹ ਤਪਦੀ ਰੇਤ ਦਸਦੀ ਹੈ
ਕਿ ਰਸਤਾ ਠੀਕ ਹੈ ਮੇਰਾ
ਇਹ ਸੜਦੇ ਪੈਰ, ਠਰਦੇ ਦਿਲ,
ਮੇਰੇ ਸੱਚ ਦੇ ਗਵਾਹ ਬਣਦੇ।
ਜੋ ਲੋ ਮੱਥੇ 'ਚੋਂ ਫੁਟਦੀ ਹੈ
ਉਹ ਅਸਲੀ ਤਾਜ ਹੁੰਦੀ ਹੈ
ਤਵੀ ਦੇ ਤਖ਼ਤ 'ਤੇ ਬਹਿ ਕੇ ਹੀ
ਸੱਚੇ ਪਾਤਸ਼ਾਹ ਬਣਦੇ।

ਇਸ ਧਰਤੀ ਦੇਹ ਮਸਲੇ ਪਾਤਰ ਦੀ ਨਿਗ੍ਹਾ ਤੋਂ ਓਹਲੇ ਨਹੀਂ ਸਨ। ਉਹਨੇ ਵੱਖ-ਵੱਖ ਨਜ਼ਮਾ/ਗ਼ਜ਼ਲਾਂ ਵਿੱਚ ਇਹਨਾਂ ਦੀ ਗੱਲ ਤੋਰੀ ਹੈ।

ਲੱਗੀ ਨਜ਼ਰ ਪੰਜਾਬ ਨੂੰ ਏਦ੍ਹੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ।

ਪਾਤਰ ਜੀ ਦੇ ਜਾਣ ਨਾਲ ਸਾਹਿਤ ਦੇ ਇਕ ਯੁੱਗ ਦਾ ਅੰਤ ਹੋਇਆ ਹੈ। ਇਸ ਸਾਲ 15 ਜਨਵਰੀ 2024 ਨੂੰ ਪਾਤਰ ਜੀ ਨਾਲ ਮੁਲਾਕਾਤ ਸਤਿਗੁਰੂ ਜੀ ਦੀ ਕੋਠੀ ਵਿੱਚ ਹੋਈ।

14 ਜਨਵਰੀ ਨੂੰ ਲੰਘੇ ਜਨਮ ਦਿਨ ਦੀ ਮੈਂ ਵਧਾਈ ਦਿੱਤੀ। ਸਤਿਗੁਰੂ ਜੀ ਪੁਛਿਆ "ਪਾਤਰ ਜੀ ਕਿੰਨ੍ਹੀ ਆਰਜਾ ਹੋ ਗਈ??" "ਜੀ 79 ਸਾਲ।" "ਉਮਰ ਦੇ ਹਿਸਾਬ ਨਾਲ ਸਿਹਤ ਚੰਗੀ ਹੈ।" "ਹਾਂਜੀ ਪਰ ਹੁਣ ਪਿਛੇ ਕੁਝ ਤਖਲੀਫ਼ ਵਿੱਚ ਰਿਹਾਂ।" ਇਹ ਗੱਲਬਾਤ ਕਾਫ਼ੀ ਲੰਬਾ ਸਮਾਂ ਚੱਲੀ। ਪਾਤਰ ਜੀ ਨੇ ਆਪਣੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੋਈ ਉਹ ਪਹਿਲੀ ਮੁਲਾਕਾਤ ਦਾ ਜਿਕਰ ਫਿਰ ਕੀਤਾ ਤੇ ਕਿਹਾ ਉਹਨਾਂ ਦੇ ਮੁੱਖ ਮੰਡਲ ਦੇ ਪ੍ਰਕਾਸ਼ ਨੇ ਮੈਨੂੰ ਖਿਚਿਆ। ਮੈਂ ਉਸ ਮੁਲਾਕਾਤ ਬਾਰੇ ਲਿਖਿਆ ਸੀ-

ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲਦੇ ਜੰਗਲ ਤੇ ਬਰਸਾਤ ਹੋਈ।
ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿੱਸਿਆ ਤਾਂ ਪਰਭਾਤ ਹੋਈ।
ਤੂੰ ਤੱਕਿਆ ਤਾਂ ਰੁਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ-ਤੱਕਦੇ ਕਰਾਮਾਤ ਹੋਈ।

"ਮੈਂ ਫਿਰ ਸਦਾ ਲਈ ਇਸ ਘਰ ਨਾਲ ਜੁੜ ਗਿਆ।" ਪੰਜਾਬ ਦੇ ਮੌਜੂਦਾ ਮਾਹੌਲ 'ਤੇ ਗੱਲ ਕਰਦਿਆਂ ਪਾਤਰ ਜੀ ਨੇ ਕਿਹਾ ਅਸੀਂ ਸਬਰ ਸ਼ੁਕਰ ਤੋਂ ਤੁਰ ਜ਼ਬਰ, ਸਿਤਮ ਤੱਕ ਪਹੁੰਚ ਚੁੱਕੇ ਹਾਂ। ਇਹ ਮੁਲਾਕਾਤ ਦੋ ਘੰਟੇ ਚੱਲੀ। ਅਗਲੀ ਮੁਲਾਕਾਤ ਦੀ ਤਰੀਕ ਮੁਕੱਰਰ ਕਰ ਸਤਿਗੁਰੂ ਜੀ ਨੂੰ ਮੱਥਾ ਟੇਕ ਪਾਤਰ ਜੀ ਸੂਬਾ ਹਰਭਜਨ ਸਿੰਘ ਜੀ ਨਾਲ ਸ੍ਰੀ ਭੈਣੀ ਸਾਹਿਬੋਂ ਨਿਕਲੇ ਪਰ ਉਹ ਮੁਕੱਰਰ ਤਰੀਖ ਹੁਣ ਕਦੇ ਵੀ ਨਹੀਂ ਆਵੇਗੀ-

ਜਦੋਂ ਤਕ ਲਫ਼ਜ਼ ਜਿਊਂਦੇ ਨੇ,
ਸੁਖਨਵਰ ਜਿਓਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ
ਜੋ ਸਿਵਿਆਂ ਵਿੱਚ ਸੁਆਹ ਬਣਦੇ।

**ਸੰਪਾਦਕ**

..................................................

## ਹਜਾਰੀ ਬਾਗ ਜੇਲ ਵਿੱਚ ਸੂਬਾ ਸਾਹਿਬ ਸਿੰਘ ਜੀ ਅਤੇ ਸੂਬਾ ਕਾਹਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਨਵੇਂ ਬੁੱਤ ਲਗਾਏ ਗਏ।





## ਬੀਬੀ ਨਰਿੰਦਰ ਕੌਰ ਜੀ ਦੇ ਭੋਗ ਸਮੇਂ ਦੀਆਂ ਤਸਵੀਰਾਂ





Date of Publication: 21 May 2024
Date of Posting: 23 May 2024

RNI NO.55658/93
LDM/008/2021-2023

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ
**1 ਜੂਨ 1863 ਈ**. ਨੂੰ ਪਿੰਡ ਸਿਆੜ ਜ਼ਿਲ੍ਹਾ ਲੁਧਿਆਣਾ ਵਿਖੇ
ਇਸਤਰੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਬਖ਼ਸ਼ੀ



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.